# ਇਹ ਕਿਵੇਂ ਕੰਮ ਕਰਦੀ ਹੈ

## ਕਨਵੈਨਸ਼ਨ ’ਤੇ ਨਿਯਮਾਂ ਅਤੇ ਕਾਰਵਾਈਆਂ ਬਾਰੇ ਗਾਈਡ

HOSPITAL EMPLOYEES' UNION
CUPE

---

## ਰਲ ਕੇ ਕੰਮ ਕਰਨਾ
## ਰਲ ਕੇ ਖੜ੍ਹਨਾ
## ਰਲ ਕੇ ਅਗਵਾਈ ਕਰਨਾ

ਐੱਚ ਈ ਯੂ ਦੀ 26 ਵੀਂ ਦੋ-ਸਾਲਾ ਕਨਵੈਨਸ਼ਨ . ਨਵੰਬਰ 3-7, 2008

# ਸੂਚੀ

**ਜਾਣ-ਪਛਾਣ** ........ ਸਫਾ 1

**ਕਨਵੈਨਸ਼ਨ ਕੀ ਹੈ** ........ ਸਫਾ 3
- ਸੰਵਿਧਾਨਕ ਸੋਧਾਂ
- ਮਤੇ
- ਰਿਪੋਰਟਾਂ
- ਭਾਸ਼ਣ
- ਚੋਣਾਂ
- ਸਮਾਜਿਕ ਪ੍ਰੋਗਰਾਮ

**ਕਨਵੈਨਸ਼ਨ ਕਮੇਟੀਆਂ** ........ ਸਫਾ 7
- ਜਾਣਕਾਰੀ ਕਮੇਟੀ
- ਪੇਪਰ ਚੈੱਕ ਕਰਨ ਵਾਲੀ ਕਮੇਟੀ
- ਸਰਜੈਂਟ-ਐਟ-ਆਰਮਜ਼ ਕਮੇਟੀ
- ਟੈਬੂਲੇਸ਼ਨਜ਼ ਕਮੇਟੀ
- ਰੈਜ਼ੋਲੂਸ਼ਨਜ਼ ਕਮੇਟੀ
- ਸੰਵਿਧਾਨ ਵਿਚ ਸੋਧ ਕਰਨ ਵਾਲੀ ਕਮੇਟੀ

**ਕਾਰਵਾਈ** ........ ਸਫਾ 9
- ਬਹਿਸ ਕਿਵੇਂ ਕੀਤੀ ਜਾਂਦੀ ਹੈ
- ਸਵਾਲ

ਹੋਰ ਨਿਯਮ:
... ਮੋਸ਼ਨ ਟੂ ਰੈਫਰ
... ਪਹਿਲਾ ਸਵਾਲ ਮੂਵ ਕਰੋ
... ਮੁੜ ਕੇ ਵਿਚਾਰ
... ਟੇਬਲਿੰਗ ਮੋਸ਼ਨ
... ਜਾਣਕਾਰੀ ਮੰਗਣਾ

**ਸਿੱਟਾ** ........ ਸਫਾ 12

APPENDICES ........ ਸਫਾ 13
- ਐੱਚ ਈ ਯੂ ਸੰਸਥਾ ਦਾ ਚਾਰਟ

... ਰਾਜਨੀਤਕ ਢਾਂਚਾ
... ਦਾ ਪ੍ਰਬੰਧਕੀ ਢਾਂਚਾ

# ਜਾਣ-ਪਛਾਣ

"ਇਸ ਯੂਨੀਅਨ ਦੀਆ ਸਾਰੀਆਂ ਸਰਬੋਤਮ ਸ਼ਕਤੀਆਂ, ਜਿਸ ਵਿਚ ਵਿਧਾਨਕ, ਪ੍ਰਬੰਧਕੀ, ਪ੍ਰਸਾਸ਼ਕੀ ਅਤੇ ਨਿਆਂਕਾਰੀ ਸ਼ਕਤੀਆਂ ਸ਼ਾਮਲ ਹਨ, ਸੈਸ਼ਨ ਵਿਚ ਹੋਣ ਵੇਲੇ ਕਨਵੈਨਸ਼ਨ ਕੋਲ ਹੋਣਗੀਆਂ।"

... ਆਰਟੀਕਲ ਵੀ, ਸੈਕਸ਼ਨ ਏ, ਐੱਚ ਈ ਯੂ ਸੰਵਿਧਾਨ

**ਐੱਚ** ਈ ਯੂ ਦੀ ਛੱਬੀਵੀਂ ਦੋ-ਸਾਲਾ ਕਨਵੈਨਸ਼ਨ ਵਿਚ ਤੁਹਾਡਾ ਸੁਆਗਤ ਹੈ। ਇਕ ਡੈਲੀਗੇਟ ਵਜੋਂ ਤੁਸੀਂ ਸਾਡੀ ਯੂਨੀਅਨ ਦੀ ਫੈਸਲੇ ਕਰਨ ਵਾਲੀ ਸਭ ਤੋਂ ਉੱਚੀ ਸਭਾ ਦਾ ਹਿੱਸਾ ਹੋ। ਕਨਵੈਨਸ਼ਨ ਦੌਰਾਨ, ਤੁਸੀਂ ਯੂਨੀਅਨ ਦੇ ਕੰਮਾਂ ਨੂੰ ਸੇਧ ਦੇਣ ਲਈ ਨੀਤੀ ਤਹਿ ਕਰੋਗੇ। ਤੁਸੀਂ ਕਨਵੈਨਸ਼ਨ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਇਕ ਨਵੀਂ ਸੂਬਾਈ ਐਗਜ਼ੈਕਟਿਵ ਵੀ ਚੁਣੋਗੇ।

ਇਹ ਕਿਤਾਬਚਾ, ਉਨ੍ਹਾਂ ਨਿਯਮਾਂ ਅਤੇ ਕਾਰਵਾਈਆਂ ਬਾਰੇ ਦੱਸਣ ਵਿਚ ਮਦਦ ਲਈ ਤਿਆਰ ਕੀਤਾ ਗਿਆ ਹੈ, ਜਿਹੜੇ ਹੌਸਪੀਟਲ ਇਮਪਲੌਈਜ਼ ਯੂਨੀਅਨ ਇਹ ਯਕੀਨੀ ਬਣਾਉਣ ਲਈ ਵਰਤਦੀ ਹੈ ਕਿ ਕਨਵੈਨਸ਼ਨ ਲੋਕਤੰਤਰੀ ਤਰੀਕੇ ਨਾਲ ਅਤੇ ਕਾਰਗਰ ਹੋਈ ਹੈ। ਇਤਿਹਾਸਕ ਪਿਛੋਕੜ ਬਾਰੇ ਵੀ ਥੋੜ੍ਹੀ ਜਿਹੀ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਇਹ ਸਮਝਣ ਵਿਚ ਤੁਹਾਡੀ ਮਦਦ ਹੋਵੇ ਕਿ ਯੂਨੀਅਨ ਦਾ ਢਾਂਚਾ ਕੀ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ।

ਐੱਚ ਈ ਯੂ, 1944 ਵਿਚ ਦੋ ਯੂਨੀਅਨਾਂ ਦੇ ਰਲੇਂਵੇਂ ਨਾਲ ਬਣਾਈ ਗਈ ਸੀ। ਇਕ ਯੂਨੀਅਨ ਵੈਨਕੂਵਰ ਜਨਰਲ ਹਸਪਤਾਲ ਵਿਚ ਔਰਤਾਂ ਦੀ ਸੀ ਅਤੇ ਦੂਜੀ ਉਨ੍ਹਾਂ ਮਰਦਾਂ ਦੀ ਸੀ ਜਿਨ੍ਹਾਂ ਦੇ ਵੈਨਕੂਵਰ ਮਿਊਂਸਪਲ ਵਰਕਰਜ਼ ਯੂਨੀਅਨ ਨਾਲ ਸਬੰਧ ਸਨ ਅਤੇ ਇਸ ਨਾਲ ਦਫਤਰ ਅਤੇ ਸੈਕਟਰੀ ਸਾਂਝਾ ਸੀ।

ਨਵੀਂ ਯੂਨੀਅਨ ਨੇ ਇਹ ਮਾਨਤਾ ਦਿੰਦੇ ਹੋਏ ਟਰੇਡਜ਼ ਐਂਡ ਲੇਬਰ ਕਾਂਗਰਸ ਕੋਲ ਚਾਰਟਰ ਲਈ ਅਪਲਾਈ ਕੀਤਾ ਕਿ ਐੱਚ ਈ ਯੂ, ਮਜ਼ਦੂਰ ਲਹਿਰ ਦੀ ਇਕ ਪੂਰੀ ਮੈਂਬਰ ਹੈ। ਹੌਸਪੀਟਲ ਇਮਪਲੌਈਜ਼ ਯੂਨੀਅਨ, ਲੋਕਲ 180 ਲਈ ਚਾਰਟਰ 13 ਅਕਤੂਬਰ, 1944 ਨੂੰ ਪ੍ਰਵਾਨ ਕਰ ਲਿਆ ਗਿਆ।

ਸਾਡਾ ਪਹਿਲਾ ਬਿਜ਼ਨਸ ਮੈਨੇਜਰ, ਮਿਸਟਰ ਡਬਲਯੂ. ਐੱਮ (ਬਿੱਲ) ਬਲੈਕ, ਯੂਨੀਅਨ ਦੇ ਬਣਨ ਤੋਂ ਛੇਤੀ ਬਾਅਦ ਰੱਖਿਆ ਗਿਆ। ਉਹ ਇਸ ਅਹੁਦੇ 'ਤੇ ਅਗਲੇ 24 ਸਾਲ ਰਿਹਾ।

ਯੂਨੀਅਨ ਦੇ ਬਾਨੀਆਂ ਨੇ ਬਿੱਲ ਬਲੈਕ ਵਰਗੇ ਵਿਅਕਤੀਆਂ ਲਈ ਬਾਹਰੋਂ ਕਿਉਂ ਚੋਣ ਕੀਤੀ? ਡਬਲਯੂ.ਡੀ. ਬਲੈਕ (ਇਕ ਹੋਰ "ਬਿੱਲ ਬਲੈਕ") ਦੇ ਸ਼ਬਦਾਂ ਵਿਚ, ਜੋ ਕਿ 1968 ਤੋਂ 1980 ਤੱਕ ਐੱਚ ਈ ਯੂ ਦਾ ਪ੍ਰਧਾਨ ਰਿਹਾ, ਉਨ੍ਹਾਂ ਨੇ "ਲੇਬਰ ਮਸਲਿਆਂ ਵਿਚ ਗਿਆਨ ਦੀ ਆਪਣੀ ਘਾਟ ਨੂੰ ਪਛਾਣਿਆ (ਅਤੇ) ਅਜਿਹਾ ਢਾਂਚਾ ਚੁਣਿਆ ਜਿਹੜਾ ਉਨ੍ਹਾਂ ਨੂੰ ਉਹ ਮੁਹਾਰਤ ਅਤੇ ਤਜਰਬਾ ਹਾਸਲ ਕਰਨ ਦੀ ਆਗਿਆ ਦਿੰਦਾ ਸੀ ਜਿਸ ਦੀ ਇਕ ਕਾਮਯਾਬ ਯੂਨੀਅਨ ਉਸਾਰਨ ਲਈ ਲੋੜ ਸੀ।"

ਯੂਨੀਅਨ ਨੇ ਫਿਰ ਇਕ ਬਿਜ਼ਨਸ ਮੈਨੇਜਰ, ਸਾਂਝੇ ਸੈਕਟਰੀ (ਸਾਡਾ ਹਿੱਸਾ - 60 ਡਾਲਰ/ਮਹੀਨਾ) ਅਤੇ ਸਾਂਝੇ ਦਫਤਰ (ਸਾਡਾ ਹਿੱਸਾ - 35 ਡਾਲਰ/ਮਹੀਨਾ) ਨਾਲ ਸ਼ੁਰੂ ਕੀਤਾ।

ਉਸ ਸਮੇਂ ਦੇ ਕਿਹੜੇ ਮਹੱਤਵਪੂਰਨ ਮਸਲੇ ਸਨ? 19 ਫਰਵਰੀ, 1945 ਨੂੰ ਇਕ ਮੋਸ਼ਨ (ਮਤਾ) ਪ੍ਰਵਾਨ ਕੀਤਾ ਗਿਆ ਕਿ ਯੂਨੀਅਨ ਕੋਲੈਕਟਿਵ ਬਾਰਗੇਨਿੰਗ (ਸਮਝੌਤੇ ਲਈ ਸਾਂਝੀ ਗੱਲਬਾਤ) ਵਿਚ ਛੋਟਾਂ ਮਨਜ਼ੂਰ ਨਹੀਂ ਕਰੇਗੀ। ਅਸੀਂ ਅਜੇ ਵੀ ਇਸ ਨੂੰ ਸਮਝਦੇ ਹਾਂ ਅਤੇ ਛੋਟਾਂ ਖਿਲਾਫ ਲੜਾਈ ਲੜਨਾ ਜਾਰੀ ਰੱਖਦੇ ਹਾਂ।

ਨਵੰਬਰ 1945 ਵਿਚ, ਸਿਵਿਕ ਇਲੈਕਸ਼ਨ ਲਈ ਫੰਡ ਦੇਣ ਲਈ ਯੂਨੀਅਨ ਨੇ ਨਵੰਬਰ ਅਤੇ ਦਸੰਬਰ ਲਈ ਟਰੇਡਜ਼ ਐਂਡ ਲੇਬਰ ਕਾਂਗਰਸ ਨੂੰ ਦਿੱਤੀਆਂ ਜਾਣ ਵਾਲੀਆਂ ਆਪਣੀਆਂ ਪ੍ਰਤੀ ਵਿਅਕਤੀ ਪੇਮੈਂਟਾਂ ਦੁੱਗਣੀਆਂ ਕਰ ਦਿੱਤੀਆਂ।

1946 ਤੱਕ, ਫੀਸਾਂ ਤੋਂ ਮਹੀਨਾਵਾਰ ਆਮਦਨ 450 ਡਾਲਰ ਤੱਕ ਵਧ ਗਈ ਅਤੇ 92 ਵੋਟਾਂ ਦੇ ਮੁਕਾਬਲੇ 192 ਵੋਟਾਂ ਨਾਲ ਇਹ ਫੈਸਲਾ ਕੀਤਾ ਗਿਆ ਕਿ ਬਿਜ਼ਨਸ ਮੈਨੇਜਰ ਦੀ ਤਨਖਾਹ ਵਧਾ ਕੇ 100 ਡਾਲਰ ਪ੍ਰਤੀ ਮਹੀਨਾ ਕੀਤੀ ਜਾਵੇ।

1947 ਵਿਚ ਬਿਜ਼ਨਸ ਮੈਨੇਜਰ ਨੇ ਇਹ ਰਿਪੋਰਟ ਦਿੱਤੀ ਕਿ ਯੂਨੀਅਨ ਦੀ ਸਥਾਪਤੀ ਤੋਂ ਬਾਅਦ ਹੈਲਥ ਵਰਕਰਾਂ ਲਈ ਤਨਖਾਹਾਂ ਵਿਚ ਵਾਧੇ 100 ਫੀ ਸਦੀ ਤੱਕ ਕੀਤੇ ਗਏ ਹਨ।

ਯੂਨੀਅਨ ਦੇ ਫਰੇਜ਼ਰ ਵੈਲੀ ਅਤੇ ਵੈਨਕੂਵਰ ਆਈਲੈਂਡ ਤੱਕ ਫੈਲਣ ਨਾਲ ਯੂਨੀਅਨ ਨੂੰ ਸੂਬੇ ਭਰ ਵਿਚ ਬਣਾਉਣ ਲਈ ਵਿਚਾਰ-ਵਟਾਂਦਰਾ ਹੋਇਆ ਜਿਸ ਦੀਆਂ ਤਨਖਾਹਾਂ ਅਤੇ ਬੈਨੇਫਿਟ ਇੱਕੋ ਜਿਹੇ ਹੋਣ, ਪਰ ਅਕਿਊਟ ਕੇਅਰ ਵਿਚ ਸੂਬੇ ਭਰ ਦਾ ਮਾਸਟਰ ਕੋਲੈਕਟਿਵ ਐਗਰੀਮੈਂਟ ਪ੍ਰਾਪਤ ਕਰਨ ਲਈ 20 ਨਾਲੋਂ ਵੀ ਜ਼ਿਆਦਾ ਸਾਲ ਲੱਗੇ।

ਅਸੀਂ ਸਾਰੇ ਐੱਚ ਈ ਯੂ ਮੈਂਬਰਾਂ ਲਈ ਇਕ ਕੋਲੈਕਟਿਵ ਐਗਰੀਮੈਂਟ ਲਈ ਜ਼ੋਰ ਲਾਉਣਾ ਜਾਰੀ ਰੱਖਿਆ।

ਯੂਨੀਅਨ ਨੈਸ਼ਨਲ ਦ੍ਰਿਸ਼ ਉੱਪਰ ਵੀ ਸਰਗਰਮ ਸੀ, ਨੈਸ਼ਨਲ ਯੂਨੀਅਨ ਆਫ ਪਬਲਿਕ ਇਮਪਲੌਈਜ਼ (ਨਿਊਪ) ਵਲੋਂ ਚਾਰਟਰ ਪ੍ਰਦਾਨ ਕੀਤਾ ਗਿਆ ਸੀ ਜੋ ਕਿ ਪਬਲਿਕ ਸੈਕਟਰ ਦੇ ਵਰਕਰਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਦੋ ਨੈਸ਼ਨਲ ਸੰਸਥਾਵਾਂ ਵਿੱਚੋਂ ਇਕ ਸੀ।

ਇਹ ਦੋ ਸੰਸਥਾਵਾਂ, ਨਿਊਪ ਅਤੇ ਨੈਸ਼ਨਲ ਯੂਨੀਅਨ ਆਫ ਪਬਲਿਕ ਇਮਪਲੌਈਜ਼ (ਨਿਊਪਸ), ਸਤੰਬਰ 1963 ਨੂੰ ਵਿਨੀਪੈਗ ਵਿਚ ਹੋਈ ਇਕ ਸਾਂਝੀ ਕਨਵੈਨਸ਼ਨ ਵਿਚ, ਕੈਨੇਡੀਅਨ ਯੂਨੀਅਨ ਆਫ ਪਬਲਿਕ ਇਮਪਲੌਈਜ਼ (ਕਿਊਪੀ) ਬਣਾਉਣ ਲਈ ਰਲ ਗਈਆਂ - ਜੋ ਕਿ ਹੁਣ ਕੈਨੇਡਾ ਦੀ ਸਭ ਤੋਂ ਵੱਡੀ ਯੂਨੀਅਨ ਹੈ ਜਿਸ ਦੇ 560,000 ਤੋਂ ਵੀ ਜ਼ਿਆਦਾ ਮੈਂਬਰ ਹਨ।

*ਜਾਰੀ*

ਹੌਸਪੀਟਲ ਇਮਪਲੌਈਜ਼ ਯੂਨੀਅਨ ਕਿਊਪੀ ਦੀ ਬਾਨੀ ਮੈਂਬਰ ਸੀ ਅਤੇ ਨਿਊਪ ਦਾ ਪਹਿਲਾ ਵਾਈਸ-ਪ੍ਰੈਜ਼ੀਡੈਂਟ, ਡਬਲਯੂ. ਐੱਮ. (ਬਿੱਲ) ਬਲੈਕ, ਮਰਜਰ ਸਟੀਅਰਿੰਗ ਕਮੇਟੀ ਉੱਪਰ ਸੀ।

ਇਸ ਤੋਂ ਬਾਅਦ ਹੋਈ ਇਲੈਕਸ਼ਨ ਵਿਚ, ਨਵੀਂ ਯੂਨੀਅਨ ਦੀ ਪ੍ਰਧਾਨਗੀ ਲਈ ਸਟੈਨ ਲਿਟਲ ਨੇ ਬਿੱਲ ਨੂੰ ਬਹੁਤ ਥੋੜ੍ਹੀਆਂ ਵੋਟਾਂ ਦੇ ਫਰਕ ਨਾਲ ਹਰਾਇਆ।

ਕਿਊਪੀ ਨਾਲ ਸਬੰਧ 1970 ਵਿਚ, ਸਥਾਨਕ ਖੁਦਮੁਖਤਾਰੀ ਅਤੇ ਪ੍ਰਤੀ ਵਿਅਕਤੀ ਪੇਮੈਂਟ ਵਰਗੇ ਵਿਸ਼ਿਆਂ ਕਾਰਨ ਟੁੱਟ ਗਏ। ਐੱਚ ਈ ਯੂ, ਕਿਊਪੀ ਤੋਂ ਬਾਹਰ ਹੋ ਗਈ ਅਤੇ ਬਾਅਦ ਵਿਚ ਕੈਨੇਡੀਅਨ ਲੇਬਰ ਕਾਂਗਰਸ, ਬੀ ਸੀ ਫਡਰੇਸ਼ਨ ਆਫ ਲੇਬਰ ਅਤੇ ਸਥਾਨਕ ਲੇਬਰ ਕੌਂਸਲਾਂ ਤੋਂ ਬਾਹਰ ਹੋ ਗਈ।

ਇਹ ਹਾਲਤ 14 ਸਾਲਾਂ ਲਈ 1984 ਤੱਕ ਜਾਰੀ ਰਹੀ, ਜਦੋਂ ਯੂਨੀਅਨ ਚਾਰ-ਸਾਲਾਂ ਦੇ ਅਜ਼ਮਾਇਸ਼ੀ ਸਮੇਂ ਲਈ ਕਿਊਪੀ ਨਾਲ ਐਗਰੀਮੈਂਟ ਕਰਨ ਵਿਚ ਕਾਮਯਾਬ ਰਹੀ ਅਤੇ ਇਸ ਸਮੇਂ ਲਈ ਕੋਈ ਫੀਸ ਨਹੀਂ ਦਿੱਤੀ। ਇਸ ਤੋਂ ਬਾਅਦ ਜਨਵਰੀ 1989 ਵਿਚ ਐਗਰੀਮੈਂਟ ਵਿਚ ਵਾਧਾ ਕਰ ਦਿੱਤਾ ਗਿਆ।

ਆਖਰਕਾਰ, ਅਗਸਤ 1994 ਵਿਚ ਕਿਊਪੀ ਨਾਲ ਮੁੜ ਸਬੰਧ ਕਾਇਮ ਕਰਨ ਦਾ ਐਗਰੀਮੈਂਟ ਹੋ ਗਿਆ। ਇਸ ਤਜਵੀਜ਼ ਨੂੰ ਸਾਡੇ ਮੈਂਬਰਾਂ ਨੇ ਪ੍ਰਵਾਨਗੀ ਦੇ ਦਿੱਤੀ ਅਤੇ ਅਸੀਂ ਹਾਊਸ ਆਫ ਲੇਬਰ ਵਿਚ ਵਾਪਸ ਆ ਗਏ। 1995 ਦੀ ਕਿਊਪੀ ਨੈਸ਼ਨਲ ਕਨਵੈਨਸ਼ਨ ਵਿਖੇ, ਐੱਚ ਈ ਯੂ ਨੇ ਨੈਸ਼ਨਲ ਐਗਜ਼ੈਕਟਿਵ ਬੋਰਡ (ਐੱਨ ਈ ਬੀ) ਉੱਪਰ ਰੀਜਨਲ ਵਾਈਸ-ਪ੍ਰੈਜ਼ੀਡੈਂਟ ਦੀ ਸੀਟ ਹਾਸਲ ਕਰ ਲਈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਲੋਕਲ 180 ਦਾ ਚਾਰਟਰ, ਟਰੇਡਜ਼ ਐਂਡ ਲੇਬਰ ਕਾਂਗਰਸ ਵਲੋਂ ਕਿਊਪੀ ਦੇ ਬਣਨ ਤੋਂ 19 ਸਾਲ ਪਹਿਲਾਂ ਜਾਰੀ ਕੀਤਾ ਗਿਆ ਸੀ। ਐੱਚ ਈ ਯੂ ਕਦੇ ਵੀ ਕਿਊਪੀ ਦੀ ਲੋਕਲ 180 ਨਹੀਂ ਸੀ।

ਇਹ ਵੀ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਕੈਨੇਡੀਅਨ ਲੇਬਰ ਕਾਂਗਰਸ, ਯੂਨੀਅਨਾਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਉਨ੍ਹਾਂ ਨਾਲ ਸਬੰਧ ਜੋੜਨ ਲਈ ਕਿਸੇ ਢੁਕਵੀਂ ਨੈਸ਼ਨਲ ਯੂਨੀਅਨ ਦੇ ਮੈਂਬਰ ਹੋਣ ਅਤੇ ਐੱਚ ਈ ਯੂ ਨੇ ਮੁੱਖ ਧਾਰਾ ਦੀ ਲੇਬਰ ਮਾਰਕੀਟ ਤੋਂ ਬਾਹਰ ਦੇ 14 ਸਾਲਾਂ ਦੌਰਾਨ ਸਿੱਧੇ ਤੌਰ 'ਤੇ ਸੰਬੰਧਿਤ ਹੋਣ ਲਈ ਕਈ ਨਾਕਾਮਯਾਬ ਅਰਜ਼ੀਆਂ ਕੀਤੀਆਂ।

ਆਪਣੀ ਸ਼ੁਰੂਆਤ ਤੋਂ ਲੈ ਕੇ, ਐੱਚ ਈ ਯੂ ਨੇ ਆਪਣੇ ਮੈਂਬਰਾਂ ਦੇ ਹਿੱਤਾਂ ਦੀ ਨੁਮਾਇੰਦਗੀ ਬਹੁਤ ਸਾਰੇ ਮਾਮਲਿਆਂ ਵਿਚ ਕੀਤੀ ਹੈ। 1958 ਦੀ ਕਨਵੈਨਸ਼ਨ ਦੀਆਂ ਕਾਰਵਾਈਆਂ 'ਤੇ ਇਕ ਝਾਤ ਕਈ ਮਾਮਲਿਆਂ ਬਾਰੇ ਬਹਿਸ ਕੀਤੀ ਗਈ ਦਿਖਾਉਂਦੀ ਹੈ ਜਿਵੇਂ ਕਿ ਚੀਨ ਨਾਲ ਖੁੱਲ੍ਹੇ ਵਪਾਰ, ਯੂਨੀਅਨ ਦੇ ਲੇਬਲ ਵਾਲੀਆਂ ਚੀਜ਼ਾਂ ਖਰੀਦਣਾ, ਹਸਪਤਾਲ ਦੇ ਬੋਰਡਾਂ ਲਈ ਖੜ੍ਹੇ ਹੋਣ ਲਈ ਹੈਲਥ ਵਰਕਰਾਂ ਦੇ ਹੱਕ, ਕੰਮ ਦੇ ਘੰਟੇ ਅਤੇ ਰਾਤਾਂ ਦੇ ਕੰਮ ਵਰਗੇ ਵਿਸ਼ੇ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਸਲੇ ਅੱਜ ਵੀ ਇੰਨੇ ਹੀ ਮਹੱਤਵਪੂਰਨ ਹਨ।

ਸਾਡੇ ਬਾਨੀਆਂ ਨੇ ਇਹ ਗੱਲ ਮਹਿਸੂਸ ਕਰ ਲਈ ਸੀ ਕਿ ਇਕ ਚੰਗਾ ਕੋਲੈਕਟਿਵ ਐਗਰੀਮੈਂਟ ਹੀ ਕਾਫੀ ਨਹੀਂ ਹੈ। ਅਜਿਹਾ ਸਮਾਜਿਕ ਅਤੇ ਰਾਜਨੀਤਕ ਵਾਤਾਵਰਣ ਹੋਣਾ ਜ਼ਰੂਰੀ ਹੈ ਜਿਹੜਾ ਇਸ ਨੂੰ ਲਾਗੂ ਕਰਵਾਏ ਅਤੇ ਅਜਿਹਾ ਸਮਾਜ ਸਿਰਜੇ ਜਿਹੜਾ ਸਾਡੇ ਸਾਰਿਆਂ ਲਈ ਵਧੀਆ ਹੋਵੇ।

ਅਸੀਂ ਇਹ ਦੇਖ ਸਕਦੇ ਹਾਂ ਕਿ ਆਪਣੇ ਮੁੱਢ ਤੋਂ ਹੀ ਐੱਚ ਈ ਯੂ ਸਮਾਜਿਕ ਨਿਆਂ ਅਤੇ ਰਾਜਨੀਤਕ ਮਸਲਿਆਂ ਦੇ ਹੱਲ ਵਿਚ ਸ਼ਾਮਲ ਰਹੀ ਹੈ ਅਤੇ ਇਸ ਦਾ ਟਰੇਡ ਯੂਨੀਅਨ ਏਜੰਡਾ ਤਕੜਾ ਅਤੇ ਸਰਗਰਮ ਰਿਹਾ ਹੈ। ਬਿਹਤਰ ਭਵਿੱਖ ਲਈ ਲੜਾਈ ਲੜਨ ਲਈ ਐੱਚ ਈ ਯੂ ਕੋਲ ਦੂਰਅੰਦੇਸ਼ੀ ਅਤੇ ਦਲੇਰੀ ਹੈ।

ਐੱਚ ਈ ਯੂ ਦਾ ਮੁਢਲਾ ਸੰਵਿਧਾਨ ਯੂਨੀਅਨ ਨੂੰ ਅਜਿਹੀ ਸਮਾਜਿਕ ਪਾਲਸੀ ਹਾਸਲ ਕਰਨ ਨਾਲ ਜੋੜਦਾ ਹੈ ਜਿਹੜੀ ਮੈਡੀਕੇਅਰ ਵਿਚ ਉੱਤਮਤਾ ਨੂੰ ਉਤਸ਼ਾਹ ਦਿੰਦੀ ਹੋਵੇ। ਅਸੀਂ ਸਦਾ ਅਜਿਹੀ ਰਾਜਨੀਤਕ ਪਾਲਸੀ ਲਈ ਲੜੇ ਹਾਂ ਜਿਹੜੀ ਸਾਡੇ ਹੈਲਥ ਕੇਅਰ ਸਿਸਟਮ ਲਈ ਢੁਕਵੇਂ ਸਰਕਾਰੀ ਫੰਡਾਂ ਨੂੰ ਯਕੀਨੀ ਬਣਾਉਂਦੀ ਹੋਵੇ।

ਅਸੀਂ ਅਜਿਹੀਆਂ ਪਾਲਸੀਆਂ ਦੀ ਮੰਗ ਕਰਦੇ ਹਾਂ ਜਿਹੜੀਆਂ ਵਧੀਆ ਪੜ੍ਹਾਈ, ਢੁਕਵੀਂਆਂ ਰਿਹਾਇਸ਼ਾਂ ਅਤੇ ਸਮਾਜਿਕ ਸੇਵਾਵਾਂ ਲਈ ਲੋੜ ਨੂੰ ਮੰਨਦੀਆਂ ਹੋਣ। ਅਸੀਂ ਇਹ ਮੰਨਦੇ ਹਾਂ ਕਿ ਹਰ ਮਨੁੱਖੀ ਨੂੰ ਮਾਣ ਅਤੇ ਆਦਰ ਨਾਲ ਰਹਿਣ ਦਾ ਹੱਕ ਹੈ।

ਅਸੀਂ ਬਹੁਤ ਅੱਗੇ ਲੰਘ ਆਏ ਹਾਂ। ਸਾਡਾ ਅਜੇ ਵੀ ਕੋਲੈਕਟਿਵ ਬਾਰਗੇਨਿੰਗ ਏਜੰਡਾ, ਸਮਾਜਿਕ ਏਜੰਡਾ ਅਤੇ ਰਾਜਨੀਤਕ ਏਜੰਡਾ ਹੈ। ਸਾਡੇ ਬਾਨੀਆਂ ਨੇ, ਕੁਝ ਸੈਂਕੜੇ ਮੈਂਬਰਾਂ ਅਤੇ ਤੁੱਛ ਵਸੀਲਿਆਂ ਨਾਲ, ਵੱਡਾ ਸੋਚਣ ਦਾ ਹੌਂਸਲਾ ਕੀਤਾ ਅਤੇ ਸਾਡੇ ਲਈ ਰਾਹ ਪੱਧਰਾ ਕੀਤਾ।

ਅਜੇ ਵੀ ਬਹੁਤ ਕੁਝ ਕਰਨ ਵਾਲਾ ਹੈ। ਆਪਣੇ ਟੀਚੇ ਪੂਰੇ ਕਰਨ ਲਈ ਸਾਨੂੰ ਧਿਆਨ ਕੇਂਦਰਿਤ ਰੱਖਣ ਅਤੇ ਅੜੇ ਰਹਿਣ ਦੀ ਲੋੜ ਹੈ।

2006 ਵਿਚ ਅਸੀਂ ਚਾਰ ਸਾਲਾ ਐਗਰੀਮੈਂਟ ਹਾਸਲ ਕੀਤਾ ਜਿਸ ਵਿਚ ਮਹੱਤਵਪੂਰਨ ਸੁਧਾਰ ਸਨ। ਪਰ, ਅਸੀਂ ਅਜੇ ਵੀ ਬਿੱਲ *29, 37* ਅਤੇ *94* ਤੋਂ ਡਾਢੇ ਪ੍ਰਭਾਵਤ ਹਾਂ। ਅਸੀਂ 2007 ਵਿਚ ਕੈਨੇਡਾ ਦੀ ਸੁਪਰੀਮ ਕੋਰਟ ਵਿਚ ਬਿੱਲ 29 ਦੇ ਤਿੰਨ ਸੈਕਸ਼ਨ ਗੈਰਕਾਨੂੰਨੀ ਘੋਸ਼ਿਤ ਕਰਵਾਉਣ ਵਿਚ ਕਾਮਯਾਬ ਰਹੇ ਕਿਉਂਕਿ ਇਹ ਕੈਨੇਡੀਅਨ ਚਾਰਟਰ ਦੀ ਉਲੰਘਣਾ ਕਰਦੇ ਸਨ। ਨਤੀਜੇ ਵਜੋਂ ਅਸੀਂ 75 ਮਿਲੀਅਨ ਡਾਲਰ ਦੀ ਸੈਟਲਮੈਂਟ ਕੀਤੀ।

ਇਹ ਗੱਲ ਬਹੁਤ ਸਪਸ਼ਟ ਹੈ ਕਿ ਮੌਜੂਦਾ ਕੈਂਬਲ ਸਰਕਾਰ, ਹੈਲਥ ਕੇਅਰ, ਟ੍ਰਾਂਸਪੋਰਟੇਸ਼ਨ, ਪਾਣੀ ਅਤੇ ਜੰਗਲਾਤ ਵਰਗੇ ਖੇਤਰਾਂ ਵਿਚਲੀਆਂ ਉੱਚ ਪੱਧਰ ਦੀਆਂ ਸਰਕਾਰੀ ਸੇਵਾਵਾਂ ਦਾ ਤੇਜ਼ੀ ਨਾਲ ਪ੍ਰਾਈਵੇਟੀਕਰਨ ਕਰਨ ਲਈ ਦ੍ਰਿੜ ਹੈ। ਜੇ ਅਸੀਂ ਕਾਇਮ ਰਹਿਣ ਯੋਗ, ਵਸਣਯੋਗ ਕਮਿਊਨਟੀਆਂ ਕਾਇਮ ਰੱਖਣੀਆਂ ਹਨ ਤਾਂ ਸਾਡੇ ਲਈ ਆਪਣੀ ਰਾਜਨੀਤਕ ਲਾਮਬੰਦੀ ਜਾਰੀ ਰੱਖਣਾ ਜ਼ਰੂਰੀ ਹੈ।

ਕਨਵੈਨਸ਼ਨ ਡੈਲੀਗੇਟ ਵਜੋਂ ਤੁਹਾਡਾ ਕੰਮ, ਆਉਂਦੇ ਦੋ ਸਾਲਾਂ ਲਈ ਯੂਨੀਅਨ ਦੀ ਦਿਸ਼ਾ ਤਹਿ ਕਰਨ ਵਿਚ ਮਦਦ ਕਰਨਾ ਹੈ। ਸ਼ਾਮਲ ਹੋਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

# ਕਨਵੈਨਸ਼ਨ ਕੀ ਹੈ

**ਕਨਵੈਨਸ਼ਨ ਯੂਨੀਅਨ ਦਾ ਸਭ ਤੋਂ ਉਪਰਲਾ ਅਧਿਕਾਰ ਹੈ।** ਜਿਵੇਂ ਕਿ ਸੰਵਿਧਾਨ ਕਹਿੰਦਾ ਹੈ, "ਸਾਰੇ ਸਰਬੋਤਮ ਅਧਿਕਾਰ, ਜਿਸ ਵਿਚ ਯੂਨੀਅਨ ਦੀਆਂ ਵਿਧਾਨਕ, ਪ੍ਰਬੰਧਕੀ, ਪ੍ਰਸਾਸ਼ਕੀ ਅਤੇ ਨਿਆਂ ਨਾਲ ਸੰਬੰਧਿਤ ਸ਼ਕਤੀਆਂ ਸ਼ਾਮਲ ਹਨ, ਸੈਸ਼ਨ ਵਿਚ ਹੋਣ ਵੇਲੇ ਕਨਵੈਨਸ਼ਨ ਨੂੰ ਸੌਂਪੇ ਜਾਣਗੇ।"

ਕਨਵੈਨਸ਼ਨਾ 1958 ਤੱਕ ਹਰ ਸਾਲ ਹੁੰਦੀਆਂ ਸਨ। ਇਸ ਤੋਂ ਬਾਅਦ ਕਨਵੈਨਸ਼ਨਾਂ ਹਰ ਦੋ ਸਾਲਾਂ ਬਾਅਦ (ਦੋ-ਸਾਲਾ) ਹੋਣ ਲੱਗੀਆਂ। ਕਨਵੈਨਸ਼ਨ ਦਾ ਕਾਰੋਬਾਰ ਅੱਗੇ ਲਿਖੇ ਸਿਰਲੇਖਾਂ ਥੱਲੇ ਦਿਖਾਈ ਦਿੰਦਾ ਹੈ:

- ਸੰਵਿਧਾਨਕ ਸੋਧਾਂ
- ਮਤੇ
- ਫੁੱਲ-ਟਾਈਮ ਅਫਸਰਾਂ ਵਲੋਂ ਰਿਪੋਰਟਾਂ
- ਸੱਦੇ ਗਏ ਮਹਿਮਾਨਾਂ ਦੇ ਭਾਸ਼ਣ
- ਨਵੀਂ ਸੂਬਾਈ ਐਗਜ਼ੈਕਟਿਵ ਦੀਆਂ ਚੋਣਾਂ
- ਸਮਾਜਿਕ ਪ੍ਰੋਗਰਾਮ

## ਕਨਵੈਨਸ਼ਨ ਹਫਤੇ ਵਿਚ ਇਹ ਇਸ ਤਰ੍ਹਾਂ ਫਿੱਟ ਹੁੰਦੇ ਹਨ:

### ਸੰਵਿਧਾਨਕ ਸੋਧਾਂ

ਯੂਨੀਅਨ ਦਾ ਸੰਵਿਧਾਨ ਅਤੇ ਬਾਈ-ਲਾਅ ਉਹ ਨਿਯਮ ਹਨ ਜਿਨ੍ਹਾਂ ਅਧੀਨ ਯੂਨੀਅਨ ਆਪਣੇ ਆਪ ਨੂੰ ਚਲਾਉਂਦੀ ਹੈ ਅਤੇ ਇਹ ਸਿਰਫ ਕਨਵੈਨਸ਼ਨ ਵਿਖੇ ਡੈਲੀਗੇਟਾਂ ਵਲੋਂ ਅਪਣਾਈ ਗਈ ਸੋਧ ਨਾਲ ਹੀ ਬਦਲੇ ਜਾ ਸਕਦੇ ਹਨ। ਕੋਈ ਵੀ ਸੋਧ ਕਰਨ ਲਈ ਸਾਰੇ ਡੈਲੀਗੇਟਾਂ ਦੀ ਦੋ-ਤਿਹਾਈ ਵੋਟ ਲੋੜੀਂਦੀ ਹੈ।

### ਮਤੇ

ਮਤੇ (ਰੈਜ਼ੋਲੂਸ਼ਨਜ਼) ਨੀਤੀ ਫੈਸਲੇ ਹਨ ਜਿਹੜੇ ਵੱਖ ਵੱਖ ਵਿਸ਼ਿਆਂ 'ਤੇ ਯੂਨੀਅਨ ਦੇ ਦ੍ਰਿਸ਼ਟੀਕੋਣ ਨੂੰ ਸਥਾਪਤ ਕਰਦੇ ਹਨ, ਜਿਸ ਵਿਚ ਯੂਨੀਅਨ ਦੇ ਅੰਦਰੂਨੀ ਮਸਲੇ, ਸਥਾਨਕ, ਸੂਬਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਮਸਲੇ ਸ਼ਾਮਲ ਹੋ ਸਕਦੇ ਹਨ।

ਮਤੇ ਯੂਨੀਅਨ ਦੇ ਅਫਸਰਾਂ ਜਾਂ ਆ ਰਹੀ ਸੂਬਾਈ ਐਗਜ਼ੈਕਟਿਵ ਨੂੰ ਸੇਧ ਦੇ ਸਕਦੇ ਹਨ। ਉਹ ਸੰਵਿਧਾਨ ਅਤੇ ਬਾਈ-ਲਾਅ ਹੈਂਡਬੁੱਕ 'ਤੇ ਅਸਰ ਨਹੀਂ ਪਾਉਂਦੇ ਅਤੇ ਨਾ ਹੀ ਇਸ ਵਿਚ ਰਿਕਾਰਡ ਕੀਤੇ ਜਾਂਦੇ ਹਨ। ਮਤੇ ਨੂੰ ਯੂਨੀਅਨ ਦੀ ਪਾਲਸੀ ਬਣਨ ਲਈ ਸਧਾਰਨ ਬਹੁਮੱਤ ਦੀ ਲੋੜ ਹੁੰਦੀ ਹੈ।

### ਰਿਪੋਰਟਾਂ

ਯੂਨੀਅਨ ਦੇ ਤਿੰਨੇ ਫੁੱਲ-ਟਾਈਮ ਅਫਸਰ ਇਕ ਰਸਮੀ ਰਿਪੋਰਟ ਪੇਸ਼ ਕਰਦੇ ਹਨ।

- **ਪ੍ਰੈਜ਼ੀਡੈਂਟ:** ਸਰਗਰਮੀਆਂ ਅਤੇ ਯੂਨੀਅਨ ਦੇ ਭਵਿੱਖ ਲਈ ਸੁਫਨੇ ਦੀ ਰਿਪੋਰਟ ਪੇਸ਼ ਕਰਦਾ ਹੈ।
- **ਸੈਕਰੇਟਰੀ-ਬਿਜ਼ਨਸ ਮੈਨੇਜਰ:** ਸੂਬਾਈ ਐਗਜ਼ੈਕਟਿਵ ਦੀ ਤਰਫੋਂ ਰਿਪੋਰਟ ਪੇਸ਼ ਕਰਦਾ ਹੈ ਜੋ ਕਿ ਪਿਛਲੇ ਕਨਵੈਨਸ਼ਨ ਤੋਂ ਬਾਅਦ ਸੂਬਾਈ ਐਗਜ਼ੈਕਟਿਵ ਅਤੇ ਯੂਨੀਅਨ ਦੀਆਂ ਸਰਗਰਮੀਆਂ ਬਾਰੇ ਦੱਸਦੀ ਹੈ।
- **ਵਿੱਤ ਸੈਕਰੇਟਰੀ:** ਯੂਨੀਅਨ ਦੇ ਵਿੱਤੀ ਮਾਮਲਿਆਂ 'ਤੇ ਅਤੇ ਉਨ੍ਹਾਂ ਘਟਨਾਵਾਂ ਬਾਰੇ ਰਿਪੋਰਟ ਪੇਸ਼ ਕਰਦਾ ਹੈ ਜਿਨ੍ਹਾਂ ਨੇ ਮਾਇਕ ਤਸਵੀਰ ਘੜੀ।

ਹਰ ਰਿਪੋਰਟ ਤੋਂ ਬਾਅਦ, "ਰਿਪੋਰਟ ਪ੍ਰਾਪਤ ਕਰਨ ਲਈ" ਇਕ ਮੋਸ਼ਨ (ਮਤਾ) ਪੇਸ਼ ਕੀਤਾ ਜਾਂਦਾ ਹੈ। ਇਸ ਦੀ ਪੂਰੀ ਤਰ੍ਹਾਂ ਤਾਈਦ ਹੋ ਜਾਣ 'ਤੇ, ਡੈਲੀਗੇਟ, ਮੋਸ਼ਨ ਉੱਪਰ ਵੋਟ ਪਾਉਣ ਤੋਂ ਪਹਿਲਾਂ ਰਿਪੋਰਟ ਬਾਰੇ ਬਹਿਸ ਕਰ ਸਕਦੇ ਹਨ।

ਇਹ "ਰਿਪੋਰਟ ਨੂੰ ਅਪਣਾਉਣਾ" ਤੋਂ ਵੱਖਰਾ ਹੈ। ਜਦੋਂ ਕੋਈ ਰਿਪੋਰਟ **ਪ੍ਰਵਾਨ** ਕਰ ਲਈ ਜਾਂਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਰਿਪੋਰਟ ਵਿਚਲੀਆਂ ਸਾਰੀਆਂ ਸਿਫਾਰਸ਼ਾਂ ਮਨਜ਼ੂਰ ਕਰ ਲਈਆਂ ਗਈਆਂ ਹਨ ਅਤੇ ਇਹ ਯੂਨੀਅਨ ਦੀ ਪਾਲਸੀ ਬਣ ਗਈਆਂ ਹਨ। ਜਦੋਂ ਕੋਈ ਰਿਪੋਰਟ ਪ੍ਰਾਪਤ ਕਰ ਲਈ ਜਾਂਦੀ ਹੈ, ਤਾਂ ਇਸ ਵਿਚਲੀ ਕੋਈ ਵੀ ਸਿਫਾਰਸ਼ ਬਹਿਸਯੋਗ ਹੈ ਪਰ ਯੂਨੀਅਨ ਦੀ ਪਾਲਸੀ ਬਣਨ ਲਈ ਸੰਵਿਧਾਨ ਵਿਚ ਸੋਧ ਜਾਂ ਮਤੇ ਦੀ ਲੋੜ ਹੁੰਦੀ ਹੈ। ਇਸ ਨਾਲ ਡੈਲੀਗੇਟਾਂ ਨੂੰ ਫੈਸਲੇ ਕਰਨ ਦਾ ਹੋਰ ਵੀ ਅਧਿਕਾਰ ਮਿਲਦਾ ਹੈ ਅਤੇ ਇਹ ਜ਼ਿਆਦਾ ਲੋਕਤੰਤਰੀ ਹੈ।

## ਭਾਸ਼ਣ

ਪੂਰੀ ਕਨਵੈਨਸ਼ਨ ਵਿਚ ਮਤਿਆਂ ’ਤੇ ਵਿਚਾਰ ਅਤੇ ਬਹਿਸ ਕਰਨ ’ਤੇ ਸਮਾਂ ਬਿਤਾਉਣਾ ਸੌਖਾ ਹੋ ਸਕਦਾ ਹੈ। ਪਰ, ਕਨਵੈਨਸ਼ਨ ਆਪਣੀ ਯੂਨੀਅਨ ਅਤੇ ਇਸ ਦੀਆਂ ਪ੍ਰਾਪਤੀਆਂ ਬਾਰੇ ਮਾਣ ਮਹਿਸੂਸ ਕਰਨ ਦਾ ਸਮਾਂ ਵੀ ਹੈ। ਇਹ ਸਮਾਂ ਚੰਗੇ ਕੰਮਾਂ ਦੀ ਪਛਾਣ ਕਰਨ ਦਾ ਅਤੇ ਆਪਣੇ ਮੈਂਬਰਾਂ, ਅਫਸਰਾਂ ਅਤੇ ਸਟਾਫ ਨੂੰ ਹੋਰ ਬਿਹਤਰ ਕਰਨ ਲਈ ਉਤਸ਼ਾਹ ਦੇਣ ਦਾ ਹੈ।

ਇਸ ਗੱਲ ਨੂੰ ਮਨ ਵਿਚ ਰੱਖਦੇ ਹੋਏ, ਅਸੀਂ ਬੜੇ ਧਿਆਨ ਨਾਲ ਚੁਣੇ ਗਏ ਕੁਝ ਬਾਹਰਲੇ ਬੁਲਾਰਿਆਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਸਾਡੇ ਨਾਲ ਉਨ੍ਹਾਂ ਮਹੱਤਵਪੂਰਨ ਮਾਮਲਿਆਂ ਬਾਰੇ ਗੱਲ ਕਰਨ ਜਿਹੜੇ ਸਾਡੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਨ ਅਤੇ ਸਾਨੂੰ ਬਿਹਤਰ ਸਿਖਿਅਤ ਕਰਨ। ਵੱਖ ਵੱਖ ਗਰੁੱਪਾਂ ਨਾਲ ਕਈ ਸਾਲਾਂ ਦੇ ਤਾਲਮੇਲ ਨੇ ਖਿਆਲਾਂ ਅਤੇ ਜਾਣਕਾਰੀ ਦੇ ਸਾਂਝੇ ਅਦਾਨ-ਪ੍ਰਦਾਨ ਵਿਚ ਮਦਦ ਕੀਤੀ ਹੈ।

## ਚੋਣਾਂ

ਹਰ ਕਨਵੈਨਸ਼ਨ ਵਿਚ, ਅਗਲੇ ਦੋ ਸਾਲਾਂ ਲਈ ਯੂਨੀਅਨ ਦਾ ਕਾਰੋਬਾਰ ਚਲਾਉਣ ਲਈ ਇਕ ਨਵੀਂ ਸੂਬਾਈ (ਪ੍ਰੋਵਿੰਸ਼ੀਅਲ) ਐਗਜ਼ੈਕਟਿਵ ਦੀ ਚੋਣ ਕੀਤੀ ਜਾਂਦੀ ਹੈ।

ਸੂਬਾਈ ਐਗਜ਼ੈਕਟਿਵ ਦੇ 21 ਮੈਂਬਰ ਹਨ, ਜਿਸ ਵਿੱਚੋਂ 19 ਮੈਂਬਰ ਹਰ ਕਨਵੈਨਸ਼ਨ ਵਿਚ ਚੁਣੇ ਜਾਂਦੇ ਹਨ। ਜਿਹੜੇ ਦੋ ਅਹੁਦੇ ਕਨਵੈਨਸ਼ਨ ਵਿਚ ਨਹੀਂ ਚੁਣੇ ਜਾਂਦੇ ਉਹ ਹਨ:

- **ਸੈਕਰੇਟਰੀ-ਬਿਜ਼ਨਸ ਮੈਨੇਜਰ:** ਜੋ ਕਿ ਸੂਬਾਈ ਐਗਜ਼ੈਕਟਿਵ ਵਲੋਂ ਚੁਣਿਆ ਜਾਂਦਾ ਹੈ ਪਰ ਇਸ ਲਈ ਕਨਵੈਨਸ਼ਨ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ।
- **ਸੀਨੀਅਰ ਟਰੱਸਟੀ:** ਜੋ ਕਿ ਲਗਾਤਾਰਤਾ ਯਕੀਨੀ ਬਣਾਉਣ ਲਈ ਚਾਰ (4) ਸਾਲਾ ਮਿਆਦ ਦੇ ਦੂਜੇ ਅੱਧ ਵਿਚ ਹੁੰਦਾ ਹੈ, ਜਿਵੇਂ ਚੁਣਿਆ ਗਿਆ ਸੀਨੀਅਰ ਟਰੱਸਟੀ ਆਪਣੇ ਆਪ ਹੀ ਸੀਨੀਅਰ ਟਰੱਸਟੀ ਬਣ ਜਾਂਦਾ ਹੈ।

ਕਨਵੈਨਸ਼ਨ ਲਈ ਡੈਲੀਗੇਟ ਵਜੋਂ ਤੁਸੀਂ ਆਪਣੀ ਚੋਣ ਦੇ ਉਮੀਦਵਾਰਾਂ ਨੂੰ ਵੋਟ ਪਾਉਗੇ। ਤੁਸੀਂ ਸੂਬਾਈ ਐਗਜ਼ੈਕਟਿਵ ਦੇ ਕਿਸੇ ਵੀ ਅਹੁਦੇ ਲਈ ਚੋਣ ਲੜਣ ਦੇ ਵੀ ਹੱਕਦਾਰ ਹੋ।

ਚੁਣੇ ਜਾਣ ਵਾਲੇ ਦੋ ਅਹੁਦੇਦਾਰ ਯੂਨੀਅਨ ਦੇ ਫੁੱਲ-ਟਾਈਮ ਤਨਖਾਹਦਾਰ ਅਫਸਰ ਹਨ – ਪ੍ਰੈਜ਼ੀਡੈਂਟ ਅਤੇ ਵਿੱਤ (ਫਾਇਨੈਂਸ਼ਲ) ਸੈਕਰੇਟਰੀ। ਦੋਨਾਂ ਦਾ ਦਫਤਰ ਬਰਨਬੀ ਵਿਚ ਸੂਬਾਈ ਦਫਤਰ ਵਿਚ ਹੈ।

ਸੂਬਾਈ ਐਗਜ਼ੈਕਟਿਵ ਦੇ ਬਾਕੀ ਸਾਰੇ ਮੈਂਬਰ ਅਜੇ ਵੀ ਆਪਣੇ ਸਥਾਨਾਂ ’ਤੇ ਕੰਮ ਕਰਦੇ ਹਨ ਅਤੇ ਸੂਬਾਈ ਐਗਜ਼ੈਕਟਿਵ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਸ਼ਾਮਲ ਹੋਣ ਲਈ ਉਨ੍ਹਾਂ ਨੂੰ ਕੰਮ ਤੋਂ ਛੁੱਟੀ ਮਿਲਦੀ ਹੈ (ਜਿਵੇਂ ਕਿ ਇਸ ਹਫਤੇ ਤੁਹਾਨੂੰ ਮਿਲੀ ਹੈ)। ਇਹ ਜ਼ਿੰਮੇਵਾਰੀਆਂ ਵਿਚਾਰ-ਵਟਾਂਦਰਾ ਕਰਨ ਅਤੇ ਸੂਬਾਈ ਬੱਜਟ ਨੂੰ ਅਪਣਾਉਣ ਤੋਂ ਲੈ ਕੇ ਜੁਗਤਾਂ ਤਿਆਰ ਕਰਨ, ਹੜਤਾਲ ਅਤੇ ਤਸਦੀਕ ਲਈ ਵੋਟਾਂ ਪਵਾਉਣ ਵਿਚ ਮਦਦ ਕਰਨ ਲਈ ਪਾਲਸੀ ਬਣਾਉਣ ਅਤੇ ਮੁਹਿੰਮਾਂ ਚਲਾਉਣ ਤੱਕ ਵੱਖ ਵੱਖ ਹੁੰਦੀਆਂ ਹਨ।

ਕਨਵੈਨਸ਼ਨ ਵਿਖੇ, ਸੂਬਾਈ ਐਗਜ਼ੈਕਟਿਵ ਦੇ ਕਿਸੇ ਅਹੁਦੇ ਲਈ ਚੋਣ ਲੜਣ ਦਾ ਇਰਾਦਾ ਰੱਖਦੇ ਡੈਲੀਗੇਟ, ਆਪਣੇ ਨਾਂ, ਯੂਨੀਅਨ ਵਿਚ ਮੈਂਬਰਸ਼ਿਪ ਦੀ ਲੰਬਾਈ, ਪਹਿਲੇ ਅਹੁਦੇ ਅਤੇ ਸਥਾਨ ਬਾਰੇ ਜਾਣਕਾਰੀ ਦੇ ਨਾਲ ਆਪਣੀ ਤਸਵੀਰ ਪੋਸਟ ਕਰ ਸਕਦੇ ਹਨ। ਤਸਵੀਰਾਂ ਸੂਬਾਈ ਆਫਿਸ ਦੇ ਸਟਾਫ ਵਲੋਂ ਲਈਆਂ ਜਾਣੀਆਂ ਜ਼ਰੂਰੀ ਹਨ ਅਤੇ ਇਸ ਲਈ ਸਮਾਂ ਰੱਖਿਆ ਜਾਂਦਾ ਹੈ।

ਇਸ ਦੇ ਨਾਲ ਹੀ, “ਉਮੀਦਵਾਰਾਂ ਨੂੰ ਮਿਲੋ” ਨਾਂ ਦਾ ਸੈਸ਼ਨ ਵੀ ਹੋਵੇਗਾ ਜਿੱਥੇ ਹਰ ਉਮੀਦਵਾਰ ਵੱਧ ਤੋਂ ਵੱਧ ਪੰਜ (5) ਮਿੰਟਾਂ ਲਈ ਡੈਲੀਗੇਟਾਂ ਨੂੰ ਸੰਬੋਧਨ ਕਰ ਸਕਦਾ ਹੈ ਅਤੇ ਸ਼ਾਮ ਨੂੰ ਹੋਣ ਵਾਲੇ ਫੋਰਮ ਵਿਚ ਸਵਾਲ ਪੁੱਛਣ ਅਤੇ ਜਵਾਬ ਦੇਣ ਦਾ ਸਮਾਂ ਵੀ ਮਿਲਦਾ ਹੈ।

# ਵੋਟਾਂ

ਸੂਬਾਈ ਐਗਜ਼ੈਕਟਿਵ ਲਈ ਵੋਟਾਂ ਇਕ ਮਿੱਥੀ ਹੋਈ ਤਰਤੀਬ ਨਾਲ ਪੈਂਦੀਆਂ ਹਨ।

## ਕਦਮ ਇਕ

ਪਹਿਲੀਆਂ ਚੋਣਾਂ "ਖੁੱਲ੍ਹੀਆਂ" ਹੁੰਦੀਆਂ ਹਨ ਜਿਸ ਵਿਚ ਸਾਰੇ ਡੈਲੀਗੇਟ ਕਿਸੇ ਅਹੁਦੇ ਲਈ ਹਰ ਵੋਟ-ਪਰਚੀ ਉੱਪਰ ਆਪਣੀ ਚੋਣ ਦੇ ਉਮੀਦਵਾਰ ਨੂੰ ਵੋਟ ਪਾਉਂਦੇ ਹਨ। ਇਹ ਅਹੁਦੇਦਾਰ ਦੋ ਸਾਲਾਂ ਦੀ ਮਿਆਦ ਲਈ ਇਸ ਤਰਤੀਬ ਨਾਲ ਚੁਣੇ ਜਾਂਦੇ ਹਨ:

1. ਪ੍ਰੈਜ਼ੀਡੈਂਟ
2. ਵਿੱਤ ਸੈਕਰੇਟਰੀ
3. ਪਹਿਲਾ ਵਾਈਸ-ਪ੍ਰੈਜ਼ੀਡੈਂਟ
4. ਦੂਜਾ ਵਾਈਸ-ਪ੍ਰੈਜ਼ੀਡੈਂਟ
5. ਤੀਜਾ ਵਾਈਸ-ਪ੍ਰੈਜ਼ੀਡੈਂਟ
6. ਸੀਨੀਅਰ ਟਰੱਸਟੀ ਚੁਣਿਆ (4 ਸਾਲ)
7. ਟਰੱਸਟੀ

## ਕਦਮ ਦੋ

ਇਨ੍ਹਾਂ ਚੋਣਾਂ ਦੇ ਮੁਕੰਮਲ ਹੋ ਜਾਣ ਤੋਂ ਬਾਅਦ, ਡੈਲੀਗੇਟ ਫਿਰ ਪੰਜ ਇਲਾਕਾਈ ਕੌਕਸਾਂ ਵਿਚ ਵੰਡੇ ਜਾਂਦੇ ਹਨ। ਹਰ ਕੌਕਸ ਰੀਜਨਲ ਵਾਈਸ-ਪ੍ਰੈਜ਼ੀਡੈਂਟ ਅਤੇ ਹਰ ਇਕ ਲਈ ਦੋ ਬਦਲ ਚੁਣਦੀ ਹੈ। ਕਾਮਯਾਬ ਮੈਂਬਰ ਪੂਰੀ ਕਨਵੈਨਸ਼ਨ ਲਈ ਕੌਕਸ ਨੌਮਿਨੀ ਬਣ ਜਾਂਦੇ ਹਨ।

ਰੀਜਨਲ ਵਾਈਸ-ਪ੍ਰੈਜ਼ੀਡੈਂਟਾਂ ਦੀਆਂ ਸੀਟਾਂ ਇਸ ਤਰ੍ਹਾਂ ਹਨ:

- ਫਰੇਜ਼ਰ ਵੈਲੀ –2
- ਇਨਟੀਰੀਅਰ –3
- ਨੌਰਥ –2
- ਵੈਨਕੂਵਰ ਕੋਸਟਲ –3
- ਵੈਨਕੂਵਰ ਆਈਲੈਂਡ –2

ਇਸ ਢਾਂਚੇ ਦਾ ਕਾਰਨ ਇਹ ਯਕੀਨੀ ਬਣਾਉਣਾ ਹੈ ਕਿ ਸੂਬੇ ਦੇ ਸਾਰੇ ਇਲਾਕਿਆਂ ਨੂੰ ਸੂਬਾਈ ਐਗਜ਼ੈਕਟਿਵ ਉੱਪਰ ਨੁਮਾਇੰਦਗੀ ਮਿਲ ਰਹੀ ਹੈ। ਪਰ ਰੀਜ਼ਨਲ ਵਾਈਸ-ਪ੍ਰੈਜ਼ੀਡੈਂਟਾਂ ਦੀ ਵੀ, ਸੂਬਾਈ ਐਗਜ਼ੈਕਟਿਵ ਲਈ ਚੁਣੇ ਗਏ ਦੂਜੇ ਮੈਂਬਰਾਂ ਵਾਂਗ ਸੂਬੇ ਭਰ ਲਈ ਜ਼ਿੰਮੇਵਾਰੀ ਹੁੰਦੀ ਹੈ।

### ਕਦਮ ਤਿੰਨ

ਪੂਰੀ ਕਨਵੈਨਸ਼ਨ ਫਿਰ ਤੋਂ ਬੁਲਾਈ ਜਾਂਦੀ ਹੈ ਅਤੇ ਹਰ ਕੌਕਸ ਲਈ ਬੁਲਾਰਾ ਆਪਣੇ ਇਲਾਕੇ ਦੇ ਨੌਮਿਨੀਜ਼ ਅਤੇ ਦੋ ਬਦਲਾਂ ਦਾ ਨਾਂ ਲੈਂਦਾ ਹੈ ਅਤੇ ਮੋਸ਼ਨ ਲਿਆਉਂਦਾ ਹੈ ਕਿ ਉਨ੍ਹਾਂ ਦੀ "ਰਿਪੋਰਟ ਕਨਵੈਨਸ਼ਨ ਵਲੋਂ **ਅਪਣਾਈ** ਜਾਵੇ।"

ਜਦੋਂ ਕਵਨੈਨਸ਼ਨ ਇਨ੍ਹਾਂ ਮੋਸ਼ਨਾਂ ਉੱਪਰ ਵੋਟ ਕਰਦੀ ਹੈ ਤਾਂ ਇਹ ਅਸਲ ਵਿਚ ਰੀਜਨਲ ਵਾਈਸ-ਪ੍ਰੈਜ਼ੀਡੈਂਟਾਂ ਅਤੇ ਉਨ੍ਹਾਂ ਦੇ ਬਦਲਾਂ ਨੂੰ ਚੁਣਨਾ ਹੁੰਦਾ ਹੈ। ਭਾਵੇਂ ਕਿ ਨੌਮੀਨੇਸ਼ਨ ਕੌਕਸ ਵਿਚ ਹੁੰਦੀ ਹੈ, ਇਲੈਕਸ਼ਨ ਕਨਵੈਨਸ਼ਨ ਫਲੋਰ 'ਤੇ ਹੁੰਦੀ ਹੈ।

**ਮਹੱਤਵਪੂਰਨ**

- ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਜਿਹੜਾ ਮੈਂਬਰ ਰੀਜਨਲ ਵਾਈਸ-ਪ੍ਰੈਜ਼ੀਡੈਂਟ ਦੇ ਬਦਲ ਵਜੋਂ ਚੁਣਿਆ ਜਾਂਦਾ ਹੈ ਉਹ ਸੂਬਾਈ ਐਗਜ਼ੈਕਟਿਵ ਦਾ ਨੌਨ-ਰੀਜਨਲ ਬਦਲ **ਨਹੀਂ** ਬਣ ਸਕਦਾ।
- ਸੂਬਾਈ ਐਗਜ਼ੈਕਟਿਵ ਦਾ ਮੈਂਬਰ, ਸੂਬਾਈ ਪ੍ਰੈਜ਼ੀਡੈਂਟ, ਸੈਕਰੇਟਰੀ-ਬਿਜ਼ਨਸ ਮੈਨੇਜਰ ਅਤੇ ਵਿੱਤ ਸੈਕਰੇਟਰੀ ਤੋਂ ਇਲਾਵਾ, ਸੂਬਾਈ ਬਾਰਗੇਨਿੰਗ ਕਮੇਟੀ ਦਾ ਮੈਂਬਰ ਵੀ ਨਹੀਂ ਬਣ ਸਕਦਾ।

ਇਸ ਦਾ ਮਤਲਬ ਹੈ ਕਿ ਬਦਲ ਦੇ ਤੌਰ 'ਤੇ ਖੜ੍ਹਨ ਵਾਲੇ ਕਿਸੇ ਵੀ ਵਿਅਕਤੀ ਨੂੰ ਇਹ ਫੈਸਲਾ ਜ਼ਰੂਰ ਕਰਨਾ ਪਵੇਗਾ ਕਿ ਕੀ ਉਹ ਸੂਬਾਈ ਐਗਜ਼ੈਕਟਿਵ ਦਾ ਮੈਂਬਰ ਬਣਨਾ ਚਾਹੁੰਦਾ ਹੈ ਜਾਂ ਰੀਜਨਲ ਵਾਈਸ-ਪ੍ਰੈਜ਼ੀਡੈਂਟ ਬਦਲ।

### ਕਦਮ ਚਾਰ

ਅਖੀਰ ਵਿਚ, ਸੂਬਾਈ ਐਗਜ਼ੈਕਟਿਵ ਲਈ ਚੋਣਾਂ ਦੇ ਮੁਕੰਮਲ ਹੋ ਜਾਣ ਤੋਂ ਬਾਅਦ, ਇਕ ਵੋਟ ਸੂਬਾਈ ਐਗਜ਼ੈਕਟਿਵ ਲਈ ਅੱਠ ਬਦਲਾਂ ਦਾ ਫੈਸਲਾ ਕਰਨ ਲਈ ਪਾਈ ਜਾਂਦੀ ਹੈ।

ਇਨ੍ਹਾਂ ਬਦਲਾਂ ਨੂੰ ਉਹ ਵਿਸ਼ੇਸ਼ ਖਾਲੀ ਥਾਂਵਾਂ ਭਰਨ ਲਈ ਸੱਦਿਆ ਜਾਂਦਾ ਹੈ ਜਿਹੜੀਆਂ ਕਨਵੈਨਸ਼ਨਾਂ ਦੇ ਵਿਚਕਾਰ ਪੈਦਾ ਹੋ ਸਕਦੀਆਂ ਹਨ।

## ਸਮਾਜਿਕ ਪ੍ਰੋਗਰਾਮ

ਸਾਰੇ ਡੈਲੀਗੇਟਾਂ ਲਈ ਮੇਲ-ਜੋਲ ਅਤੇ ਮਨੋਰੰਜਨ ਕਰਨ ਦੇ ਬਹੁਤ ਸਾਰੇ ਮੌਕੇ ਹੁੰਦੇ ਹਨ। ਕਨਵੈਨਸ਼ਨ ਇਕੱਲਾ ਕੰਮ ਹੀ ਨਹੀਂ ਹੈ - ਮਿਲਣ-ਗਿਲਣ, ਪੁਰਾਣੀਆਂ ਦੋਸਤੀਆਂ ਨੂੰ ਤਾਜ਼ਾ ਕਰਨ ਅਤੇ ਨਵੀਂਆਂ ਦੋਸਤੀਆਂ ਕਾਇਮ ਕਰਨ ਦਾ ਸਮਾਂ ਵੀ ਹੁੰਦਾ ਹੈ।

# ਕਨਵੈਨਸ਼ਨ ਕਮੇਟੀਆਂ

**ਕਨਵੈਨਸ਼ਨ ਲਈ ਤਿਆਰੀਆਂ** ਪਹਿਲੇ ਸੈਸ਼ਨ ਤੋਂ ਕਈ ਮਹੀਨੇ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ।

ਦੋ ਮੁੱਖ ਕਨਵੈਨਸ਼ਨ ਕਮੇਟੀਆਂ ਮਤਿਆਂ ਲਈ ਕਮੇਟੀ ਅਤੇ ਸੰਵਿਧਾਨ ਵਿਚ ਸੋਧ ਕਰਨ ਲਈ ਕਮੇਟੀ ਹਨ। ਇਹ ਦੋਨੋਂ ਕਮੇਟੀਆਂ ਆਪਣਾ ਕੰਮ ਕਨਵੈਨਸ਼ਨ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਸ਼ੁਰੂ ਕਰ ਦਿੰਦੀਆਂ ਹਨ। ਉਹ ਅੱਗੇ ਰੱਖੇ ਗਏ ਹਰ ਮਤੇ 'ਤੇ ਵਿਚਾਰ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਕਨਵੈਨਸ਼ਨ ਡੈਲੀਗੇਟਾਂ ਅੱਗੇ ਸਿਫਾਰਸ਼ ਲਈ ਤਿਆਰ ਕਰਦੀਆਂ ਹਨ। ਕੁੱਲ ਛੇ ਕਨਵੈਨਸ਼ਨ ਕਮੇਟੀਆਂ ਹਨ ਅਤੇ ਇਸ ਤੋਂ ਇਲਾਵਾ ਚਾਰ ਹੋਰ ਕਮੇਟੀਆਂ ਹਨ – ਜਾਣਕਾਰੀ ਕਮੇਟੀ, ਪੇਪਰ ਚੈੱਕ ਕਰਨ ਵਾਲੀ ਕਮੇਟੀ (ਕ੍ਰੀਡੈਂਸ਼ਲਜ਼ ਕਮੇਟੀ), ਸਰਜੈਂਟ-ਐਟ-ਆਰਮਜ਼ ਕਮੇਟੀ ਅਤੇ ਟੈਬੂਲੇਸ਼ਨ ਕਮੇਟੀ। ਕਮੇਟੀ ਦਾ ਸਮੁੱਚਾ ਕੰਮ, ਕਨਵੈਨਸ਼ਨ ਦੀ ਕਾਰਵਾਈ ਚਲਾਉਣ ਅਤੇ ਸਮੇਟਣ ਵਿਚ ਮਦਦ ਕਰਨਾ ਹੈ।

ਕਮੇਟੀ ਦੇ ਮੈਂਬਰਾਂ ਦੀ ਚੋਣ ਯੂਨੀਅਨ ਦੀ ਭਿੰਨਤਾ ਦਿਖਾਉਂਦੀ ਹੈ। ਇਲਾਕਿਆਂ ਦਾ ਢੁਕਵਾਂ ਸੰਤੁਲਨ, ਸਥਾਨ ਦੀ ਕਿਸਮ, ਕੰਮ-ਸ਼੍ਰੇਣੀਆਂ, ਲਿੰਗ, ਨਿਰਪੱਖਤਾ, ਸਰਗਰਮੀਆਂ ਅਤੇ ਯੂਨੀਅਨ ਦਾ ਤਜਰਬਾ ਉਹ ਪੱਖ ਹਨ ਜਿਹੜੇ ਕਨਵੈਨਸ਼ਨ ਕਮੇਟੀਆਂ ਬਣਾਉਣ ਵੇਲੇ ਵਿਚਾਰੇ ਜਾਂਦੇ ਹਨ।

ਜਿੱਥੇ ਲੋੜ ਹੋਵੇ ਕਮੇਟੀ ਦਾ ਚੇਅਰਪਰਸਨ ਅਤੇ ਸੈਕਟਰੀ ਹੁੰਦਾ ਹੈ। ਹਰ ਕਮੇਟੀ ਦੀ ਵਸੀਲਿਆਂ ਵਿਚ ਮਦਦ ਕਰਨ ਲਈ ਵੀ ਵਿਅਕਤੀ ਥਾਪੇ ਜਾਂਦੇ ਹਨ ਤਾਂ ਜੋ ਇਹ ਯਕੀਨੀ ਬਣੇ ਕਿ ਕਿਸੇ ਵੀ ਲੋੜ ਲਈ ਕਮੇਟੀ ਕੋਲ ਸੂਬਾਈ ਦਫਤਰ ਦੇ ਪੂਰੇ ਵਸੀਲਿਆਂ ਤੱਕ ਪਹੁੰਚ ਹੋਵੇ ਜਿਸ ਵਿਚ ਖੋਜ ਵੀ ਸ਼ਾਮਲ ਹੈ।

## ਜਾਣਕਾਰੀ ਕਮੇਟੀ

ਕਨਵੈਨਸ਼ਨ ਵਿਖੇ ਜਿਹੜੀ ਪਹਿਲੀ ਕਮੇਟੀ ਨਾਲ ਤੁਹਾਡਾ ਵਾਹ ਪੈਣ ਦੀ ਸੰਭਾਵਨਾ ਹੈ, ਉਹ ਹੈ ਜਾਣਕਾਰੀ (ਇਨਫਰਮੇਸ਼ਨ) ਕਮੇਟੀ, ਜੋ ਕਿ ਚੈੱਕ ਇਨ ਹੋਣ ਵੇਲੇ ਤੁਹਾਡੇ ਹੋਟਲ ਦੀ ਲਾਬੀ ਵਿਚ ਹੋਵੇਗੀ।

ਇਹ ਕਮੇਟੀ, ਜੋ ਕਿ ਰੀਜਨਲ ਵਾਈਸ-ਪ੍ਰੈਜ਼ੀਡੈਂਟਾਂ ਤੋਂ ਬਣੀ ਹੁੰਦੀ ਹੈ, ਤੁਹਾਨੂੰ ਕਨਵੈਨਸ਼ਨ ਬਾਰੇ, ਹੋਟਲ ਬਾਰੇ, ਵੈਨਕੂਵਰ ਅਤੇ ਲੋਅਰ ਮੇਨਲੈਂਡ ਬਾਰੇ, ਯੂਨੀਅਨ ਜਾਂ ਕਿਸੇ ਵੀ ਹੋਰ ਚੀਜ਼ ਬਾਰੇ ਜਾਣਕਾਰੀ ਦੇ ਸਕਦੀ ਹੈ ਜਿਸ ਬਾਰੇ ਤੁਸੀਂ ਜਾਣਨਾ ਚਾਹੁੰਦੇ ਹੋਵੋ।

ਪਹਿਲੀ ਵਾਰ ਡੈਲੀਗੇਟ ਬਣਨ ਵਾਲਿਆਂ ਨੂੰ ਜਾਣਕਾਰੀ ਕਮੇਟੀ ਬਹੁਤ ਫਾਇਦੇਮੰਦ ਲੱਗੇਗੀ। ਉਹ ਦੋਸਤਾਨਾ, ਪਹੁੰਚਯੋਗ ਅਤੇ ਤੁਹਾਡੇ ਲਈ ਜਾਣਕਾਰੀ ਲੱਭਣ ਵਾਲੇ ਲੋਕ ਹਨ। ਸੂਬਾਈ ਐਗਜ਼ੈਕਟਿਵ ਦੇ ਸਾਰੇ ਮੈਂਬਰ ਅਤੇ ਸਟਾਫ ਇੱਕੋ ਜਿੰਨੇ ਪਹੁੰਚਯੋਗ ਹਨ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ, ਇਕੱਲੇ ਮਹਿਸੂਸ ਕਰਦੇ ਹੋਵੋ ਜਾਂ ਜੇ ਉਨ੍ਹਾਂ ਬਾਰੇ ਜਾਣਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਬੇਝਿਜਕ ਉਨ੍ਹਾਂ ਨਾਲ ਗੱਲ ਕਰੋ।

## ਪੇਪਰ ਚੈੱਕ ਕਰਨ ਵਾਲੀ ਕਮੇਟੀ

ਕਨਵੈਨਸ਼ਨ ਲਈ ਰਜਿਸਟਰ ਹੋਣ ਵੇਲੇ ਤੁਸੀਂ ਪੇਪਰ ਚੈੱਕ ਕਰਨ ਵਾਲੀ ਕਮੇਟੀ (ਕ੍ਰੀਡੈਂਸ਼ਲਜ਼ ਕਮੇਟੀ) ਦੇ ਮੈਂਬਰਾਂ ਨੂੰ ਮਿਲੋਗੇ, ਜੋ ਤੁਹਾਡੇ ਪੇਪਰਾਂ ਨੂੰ ਤੁਹਾਡੀ ਲੋਕਲ ਵਲੋਂ ਦਿੱਤੀ ਗਈ ਜਾਣਕਾਰੀ ਨਾਲ ਮਿਲਾ ਕੇ ਦੇਖਣਗੇ। ਉਹ ਤੁਹਾਨੂੰ ਕਨਵੈਨਸ਼ਨ ਲਈ ਸਾਮੱਗਰੀ ਵੀ ਦੇਣਗੇ, ਜਿਸ ਵਿਚ ਕਨਵੈਨਸ਼ਨ ਕਿੱਟ, ਡੈਲੀਗੇਟ ਬਿੱਲਾ, ਅਤੇ ਇਲੈਕਟਰੌਨਿਕ ਵੋਟਿੰਗ ਲਈ ਕੀਅਪੈਡ ਵੀ ਸ਼ਾਮਲ ਹਨ।

**ਮਹੱਤਵਪੂਰਨ**

ਆਪਣੇ ਇਲੈਕਟਰੌਨਿਕ ਵੋਟਿੰਗ ਕੀਅਪੈਡ ਨੂੰ ਇੱਧਰ ਉੱਧਰ ਨਾ ਰੱਖੋ ਜਾਂ ਗਵਾਉ ਨਾ। ਇਸ ਨੂੰ ਹਰ ਵੇਲੇ ਆਪਣੇ ਕੋਲ ਰੱਖੋ।

ਪੇਪਰ ਚੈੱਕ ਕਰਨ ਵਾਲੀ ਕਮੇਟੀ (ਕ੍ਰੀਡੈਂਸ਼ਲਜ਼ ਕਮੇਟੀ), ਕਨਵੈਨਸ਼ਨ ਨੂੰ ਕਨਵੈਨਸ਼ਨ ਵਿਚ ਹਰ ਵੇਲੇ ਹਾਜ਼ਰ ਡੈਲੀਗੇਟਾਂ, ਵਿਜ਼ਟਰਾਂ, ਆਦਿ ਦੀ ਗਿਣਤੀ ਦੱਸਣ ਲਈ ਵੀ ਜ਼ਿੰਮੇਵਾਰ ਹੈ।

ਜੇ ਵੋਟਾਂ ਗਿਣਨ ਦੀ ਲੋੜ ਹੋਵੇ ਤਾਂ ਕ੍ਰੀਡੈਂਸ਼ਲਜ਼ ਕਮੇਟੀ ਨੂੰ ਟੈਬੂਲੇਸ਼ਨਜ਼ ਕਮੇਟੀ ਦੀ ਮਦਦ ਕਰਨ ਲਈ ਵੀ ਕਿਹਾ ਜਾ ਸਕਦਾ ਹੈ।

## ਸਰਜੈਂਟ-ਐਟ-ਆਰਮਜ਼ ਕਮੇਟੀ

ਸਰਜੈਂਟ-ਐਟ-ਆਰਮਜ਼ ਕਮੇਟੀ ਕਨਵੈਨਸ਼ਨ ਫਲੋਰ ਤੱਕ ਜਾਣ ਨੂੰ ਕੰਟਰੋਲ ਕਰਦੀ ਹੈ। ਕਨਵੈਨਸ਼ਨ ਹਾਲ ਦੇ ਹਰ ਬੂਹੇ ਅੱਗੇ ਮੈਂਬਰ ਖੜ੍ਹੇ ਹੁੰਦੇ ਹਨ।

ਜੇ ਤੁਹਾਡੇ ਡੈਲੀਗੇਟ ਵਾਲਾ ਬਿੱਲਾ (ਬੈਜ) ਨਹੀਂ ਲੱਗਾ ਹੋਇਆ ਤਾਂ ਉਹ ਤੁਹਾਨੂੰ ਡੈਲੀਗੇਟ ਏਰੀਏ ਵਿਚ ਨਹੀਂ ਜਾਣ ਦੇਣਗੇ। ਉਨ੍ਹਾਂ ਨੇ ਸਾਰੇ ਸੈੱਲ ਫੋਨ ਵੀ ਫੜਣੇ ਅਤੇ ਸਾਂਭਣੇ ਹੁੰਦੇ ਹਨ। ਕਨਵੈਨਸ਼ਨ ਫਲੋਰ 'ਤੇ ਸੈੱਲ ਫੋਨਾਂ ਦੀ ਆਗਿਆ ਨਹੀਂ ਹੈ, ਇਸ ਕਰਕੇ ਇਹ ਆਪਣੇ ਹੋਟਲ ਰੂਮ ਵਿਚ ਛੱਡ ਕੇ ਆਉਣਾ ਹੀ ਬਿਹਤਰ ਹੈ।

ਉਹ ਵੋਟਾਂ ਪੈਣ ਵੇਲੇ ਕਨਵੈਨਸ਼ਨ ਫਲੋਰ ਦੇ ਦਰਵਾਜ਼ੇ ਵੀ ਬੰਦ ਰੱਖਦੇ ਹਨ।

ਇਹ ਕਮੇਟੀ ਸਿਗਰਟਾਂ ਪੀਣ ਵਾਲਿਆਂ ਨੂੰ ਸਾਰੇ ਦਰਵਾਜ਼ਿਆਂ ਅਤੇ ਲਾਂਘਿਆਂ ਤੋਂ ਪਰ੍ਹਾਂ ਰੱਖਣ ਲਈ ਵੀ ਜ਼ਿੰਮੇਵਾਰ ਹੈ। ਕਿਰਪਾ ਕਰਕੇ ਉਨ੍ਹਾਂ ਨੂੰ ਸਹਿਯੋਗ ਦੇਵੋ ਅਤੇ ਸਿਗਰਟਾਂ ਪੀਣ ਦੇ ਸਬੰਧ ਵਿਚ ਲਾਗੂ ਨਿਯਮਾ ਦੀ ਪਾਲਣਾ ਕਰੋ। ਤੁਹਾਨੂੰ ਅਤਰ-ਫਲੇਲ (ਪ੍ਰਫਿਊਮ, ਅਫਟਰ-ਸ਼ੇਵ ਆਦਿ) ਲਾਉਣ ਤੋਂ ਵੀ ਪਰਹੇਜ਼ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ਕਿਉਂਕਿ ਬਹੁਤ ਸਾਰੇ ਡੈਲੀਗੇਟਾਂ ਨੂੰ ਅਲਰਜੀਆਂ ਹੁੰਦੀਆਂ ਹਨ।

## ਟੈਬੂਲੇਸ਼ਨਜ਼ ਕਮੇਟੀ

ਟੈਬੂਲੇਸ਼ਨਜ਼ ਕਮੇਟੀ ਸਾਰੀਆਂ ਵੋਟਾਂ ਇਕੱਠੀਆਂ ਕਰਦੀ ਅਤੇ ਗਿਣਦੀ ਹੈ। ਉਹ ਪ੍ਰੀਜ਼ਾਇਡਿੰਗ ਅਫਸਰ ਦੀ ਪੈ ਰਹੀਆਂ ਵੋਟਾਂ ਗਿਣਨ ਵਿਚ ਵੀ ਮਦਦ ਕਰ ਸਕਦੇ ਹਨ, ਜੇ ਪ੍ਰੀਜ਼ਾਇਡਿੰਗ ਅਫਸਰ ਇਹ ਪਤਾ ਲਾਉਣ ਲਈ ਇਸ ਦੀ ਮੰਗ ਕਰਦਾ ਹੈ ਕਿ ਕੀ ਕੋਈ ਵੋਟ ਪੈ ਗਈ ਹੈ ਜਾਂ ਖਰਾਬ ਹੋ ਗਈ ਹੈ।

ਇਸ ਦੇ ਨਾਲ ਹੀ, ਟੈਬੂਲੇਸ਼ਨਜ਼ ਕਮੇਟੀ ਉਹ ਸਾਮੱਗਰੀ ਵੰਡਣ ਲਈ ਵੀ ਜ਼ਿੰਮੇਵਾਰ ਹੈ ਜਿਹੜੀ ਪਹਿਲਾਂ ਤੁਹਾਡੀ ਕਿੱਟ ਵਿਚ ਨਹੀਂ ਹੈ।

## ਰੈਜ਼ੋਲੂਸ਼ਨਜ਼ ਕਮੇਟੀ

ਰੈਜ਼ੋਲੂਸ਼ਨਜ਼ ਕਮੇਟੀ ਕਨਵੈਨਸ਼ਨ ਤੋਂ ਪਹਿਲਾਂ ਮਿਲਦੀ ਹੈ ਅਤੇ ਮਿਲੇ ਸਾਰੇ ਮਤਿਆਂ ਬਾਰੇ ਵਿਚਾਰ ਕਰਦੀ ਹੈ।

ਉਹ ਇੱਕੋ ਜਿਹੇ ਜਾਂ ਮਿਲਦੇ-ਜੁਲਦੇ ਮਾਮਲਿਆਂ ਬਾਰੇ ਦੋ ਜਾਂ ਜ਼ਿਆਦਾ ਮਤਿਆਂ ਨੂੰ ਸਾਂਝੇ (ਬਦਲਵੇਂ) ਮਤਿਆਂ ਵਿਚ ਇਕੱਠਾ ਕਰ ਸਕਦੇ ਹਨ। ਕਮੇਟੀ ਸਾਂਝੇ ਮਤੇ ਵਿਚ ਅਜਿਹੇ ਖਿਆਲ ਜਾਂ ਹਿੱਸੇ ਨਹੀਂ ਪਾ ਸਕਦੀ ਜਿਹੜੇ ਸਾਂਝਾ ਮਤਾ ਬਣਨ ਵਾਲੇ ਕਿਸੇ ਮਤੇ ਦਾ ਹਿੱਸਾ ਨਹੀਂ ਹਨ।

ਸਾਰੇ ਮਤੇ, ਜਿਸ ਵਿਚ ਇਹ ਸਾਂਝੇ ਮਤੇ ਵੀ ਸ਼ਾਮਲ ਹਨ, ਕਨਵੈਨਸ਼ਨ ਅੱਗੇ ਮਨਜ਼ੂਰੀ (ਹਾਂ) ਜਾਂ ਨਾ-ਮਨਜ਼ੂਰੀ (ਨਾਂਹ) ਦੀ ਸਿਫਾਰਸ਼ ਨਾਲ ਰੱਖੇ ਜਾਂਦੇ ਹਨ। ਦੂਜੇ ਸ਼ਬਦਾਂ ਵਿਚ, ਉਹ ਕਨਵੈਨਸ਼ਨ ਨੂੰ ਸਿਫਾਰਸ਼ ਕਰਦੇ ਹਨ ਕਿ ਡੈਲੀਗੇਟ ਜਾਂ ਤਾਂ ਮਤੇ ਨਾਲ ਸਹਿਮਤ ਹੋਣ ਜਾਂ ਨਾ ਸਹਿਮਤ ਹੋਣ।

ਕਨਵੈਨਸ਼ਨ ਫਲੋਰ 'ਤੇ ਆਉਣ ਤੋਂ ਬਾਅਦ ਮਤੇ ਬਾਰੇ ਵਿਚਾਰ-ਵਟਾਂਦਰਾ ਅਤੇ ਬਹਿਸ ਹੁੰਦੀ ਹੈ।

ਤੁਸੀਂ ਅਤੇ ਕਨਵੈਨਸ਼ਨ ਵਿਚਲੇ ਸਾਰੇ ਹੋਰ ਡੈਲੀਗੇਟ **ਕਮੇਟੀ ਦੀਆਂ ਸਿਫਾਰਸ਼ਾਂ 'ਤੇ ਵੋਟ ਪਾਉਂਦੇ ਹੋ।**

## ਸੰਵਿਧਾਨ ਵਿਚ ਸੋਧ ਕਰਨ ਵਾਲੀ ਕਮੇਟੀ

ਸੰਵਿਧਾਨ ਵਿਚ ਸੋਧ ਕਰਨ ਵਾਲੀ ਕਮੇਟੀ ਕਨਵੈਨਸ਼ਨ ਤੋਂ ਪਹਿਲਾਂ ਮਿਲਦੀ ਹੈ ਅਤੇ ਦਰਜ ਕਰਵਾਈਆਂ ਗਈਆਂ ਸਾਰੀਆਂ ਸੰਵਿਧਾਨਕ ਸੋਧਾਂ ਬਾਰੇ ਵਿਚਾਰ ਕਰਦੀ ਹੈ।

ਰੈਜ਼ੋਲੂਸ਼ਨਜ਼ ਕਮੇਟੀ ਵਾਂਗ ਹੀ, ਉਹ ਇੱਕੋ ਜਿਹੇ ਜਾਂ ਮਿਲਦੇ-ਜੁਲਦੇ ਮਾਮਲਿਆਂ ਬਾਰੇ ਦੋ ਜਾਂ ਜ਼ਿਆਦਾ ਸੰਵਿਧਾਨਕ ਸੋਧਾਂ ਨੂੰ ਇਕੱਠਾ ਕਰ ਸਕਦੇ ਹਨ। ਉਹ ਸਾਂਝੀ ਸੰਵਿਧਾਨਕ ਸੋਧ ਵਿਚ ਅਜਿਹੇ ਖਿਆਲ ਜਾਂ ਹਿੱਸੇ ਨਹੀਂ ਪਾ ਸਕਦੇ ਜਿਹੜੇ ਸਾਂਝੀ ਮੁਢਲੀ ਸੰਵਿਧਾਨਕ ਸੋਧ ਦਾ ਹਿੱਸਾ ਨਹੀਂ ਹਨ।

ਸਾਰੀਆਂ ਸੰਵਿਧਾਨਕ ਸੋਧਾਂ, ਜਿਸ ਵਿਚ ਇਹ ਸਾਂਝੀਆਂ ਸੋਧਾਂ ਵੀ ਸ਼ਾਮਲ ਹਨ, ਕਨਵੈਨਸ਼ਨ ਅੱਗੇ ਮਨਜ਼ੂਰੀ (ਹਾਂ/ਸਹਿਮਤੀ) ਜਾਂ ਨਾ-ਮਨਜ਼ੂਰੀ (ਨਾਂਹ/ਅਸਹਿਮਤੀ) ਦੀ ਸਿਫਾਰਸ਼ ਨਾਲ ਰੱਖੀਆਂ ਜਾਂਦੀਆਂ ਹਨ।

**ਕਨਵੈਨਸ਼ਨ ਫਿਰ ਕਮੇਟੀ ਦੀਆਂ ਸਿਫਾਰਸ਼ਾਂ ਉੱਪਰ ਵਿਚਾਰ-ਵਟਾਂਦਰਾ ਕਰਦੀ ਹੈ ਅਤੇ ਵੋਟ ਪਾਉਂਦੀ ਹੈ।**

# ਕਾਰਵਾਈ

## ਬਹਿਸ ਕਿਵੇਂ ਕੀਤੀ ਜਾਂਦੀ ਹੈ

ਸੰਵਿਧਾਨਕ ਸੋਧਾਂ ਅਤੇ ਮਤਿਆਂ ਲਈ ਕਮੇਟੀਆਂ ਕਨਵੈਨਸ਼ਨ ਦੀ ਇੱਕੋ ਜਿਹੀ ਕਾਰਵਾਈ ਵਰਤਦੀਆਂ ਹਨ, ਇਸ ਕਰਕੇ ਦੋਨਾਂ ਕਮੇਟੀਆਂ ਦੀ ਉਦਾਹਰਣ ਵਜੋਂ ਅਸੀਂ ਰੈਜ਼ੋਲੂਸ਼ਨਜ਼ ਕਮੇਟੀ ਦੀ ਵਰਤੋਂ ਕਰਾਂਗੇ।

ਕਿਊਪੀ ਦੀ ਨੈਸ਼ਨਲ ਲਿਟਰੇਸੀ ਕੰਪੇਨ ਦੇ ਹਿੱਸੇ ਵਜੋਂ, ਯੂਨੀਅਨ ਆਪਣੇ ਕਨਵੈਨਸ਼ਨ ਦਾ ਸਟਾਇਲ ਰਵਾਇਤੀ ਜ਼ਬਾਨ ਤੋਂ 'ਸੌਖੀ ਜ਼ਬਾਨ' ਵਿਚ ਤਬਦੀਲ ਕਰ ਰਹੀ ਹੈ। 'ਸੌਖੀ ਜ਼ਬਾਨ' ਦਾ ਸਟਾਇਲ ਜ਼ਿਆਦਾ ਪਹੁੰਚਯੋਗ ਹੈ ਅਤੇ ਸਮਝਣਾ ਸੌਖਾ ਹੈ। ਮਤੇ ਅਤੇ ਸੋਧਾਂ ਕਿਸੇ ਵੀ ਸਟਾਇਲ ਵਿਚ ਦਰਜ ਕਰਵਾਏ ਜਾ ਸਕਦੇ ਹਨ।

### ਉਦਾਹਰਣ:

ਸੌਖੀ ਜ਼ਬਾਨ ਦੀ ਵਰਤੋਂ ਕਰਦੇ ਹੋਏ ਬੁਲਾਰਾ ਕਹਿ ਸਕਦਾ ਹੈ,

"ਸਾਂਝਾ ਮਤਾ 171 ਮਤਿਆਂ 173 ਅਤੇ 182 ਨੂੰ ਕਵਰ ਕਰਦਾ ਹੈ।
ਅਸੀਂ ਚਾਹੁੰਦੇ ਹਾਂ ਕਿ ਐੱਚ ਈ ਯੂ ਪਬਲਿਕ ਸੇਵਾਵਾਂ ਦੇ ਪ੍ਰਾਈਵੇਟੀਕਰਨ ਦਾ ਵਿਰੋਧ ਕਰੇ।"

ਜਾਂ, ਰਵਾਇਤੀ ਜ਼ਬਾਨ ਦੀ ਵਰਤੋਂ ਕਰਦੇ ਹੋਏ ਬੁਲਾਰਾ ਕਹਿ ਸਕਦਾ ਹੈ,

"ਸਾਂਝਾ ਮਤਾ 171 ਮਤਿਆਂ 173 ਅਤੇ 182 ਨੂੰ ਕਵਰ ਕਰਦਾ ਹੈ।
ਇਸ ਕਰਕੇ ਇਹ ਮਤਾ ਪੇਸ਼ ਕੀਤਾ ਜਾਂਦਾ ਹੈ ਕਿ ਐੱਚ ਈ ਯੂ ਪਬਲਿਕ ਸੇਵਾਵਾਂ ਦੇ ਪ੍ਰਾਈਵੇਟੀਕਰਨ ਦਾ ਵਿਰੋਧ ਕਰਦੀ ਹੈ।"

"ਕਮੇਟੀ ਮਨਜ਼ੂਰ (ਹਾਂ) ਕਹਿੰਦੀ ਹੈ ਅਤੇ ਕਮੇਟੀ ਤਰਫੋਂ ਮੈਂ ਇਸ ਦੀ ਤਾਈਦ ਕਰਦਾ ਹਾਂ"।

ਇਸ ਪੱਧਰ 'ਤੇ ਕਮੇਟੀ ਦਾ ਬੁਲਾਰਾ ਆਮ ਤੌਰ 'ਤੇ ਕਮੇਟੀ ਦੀ ਸਿਫਾਰਸ਼ ਦੇ ਕਾਰਨ ਦੱਸਦਾ ਹੈ। "ਜਦੋਂ ਕਿ" ਹਿੱਸਾ (ਜਾਂ ਸੌਖੀ ਜ਼ਬਾਨ ਵਿਚ "ਕਿਉਂਕਿ" ਹਿੱਸਾ) ਜੋ ਮਤੇ ਤੋਂ ਪਹਿਲਾਂ ਆਉਂਦਾ ਹੈ, ਆਮ ਤੌਰ 'ਤੇ ਪੜ੍ਹਿਆ ਨਹੀਂ ਜਾਂਦਾ। ਇਹ ਮਤੇ ਦੀ ਹਿਮਾਇਤ ਕਰਨ ਵਾਲੀਆਂ ਦਲੀਲਾਂ ਹਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਹਰ ਇਕ ਨੇ ਇਹ ਪੜ੍ਹ ਲਈਆਂ ਹਨ।

ਪ੍ਰਧਾਨਗੀ ਕਰ ਰਿਹਾ ਅਫਸਰ ਕਹੇਗਾ, "ਮੋਸ਼ਨ ਮਨਜ਼ੂਰੀ ਵਾਲਾ ਹੈ। ਫਲੋਰ ਹੁਣ ਵਿਚਾਰ-ਵਟਾਂਦਰੇ ਲਈ ਖੁੱਲ੍ਹੀ ਹੈ।"

ਫਿਰ ਮੋਸ਼ਨ ਫਲੋਰ ਅੱਗੇ ਰੱਖਿਆ ਜਾਂਦਾ ਹੈ।

## ਬਹਿਸ

> ਆਪਣੀ ਰਾਇ ਦੇਣ ਲਈ ਇਹ **ਤੁਹਾਡਾ** ਮੌਕਾ ਹੈ। ਮਾਈਕਰੋਫੋਨ 'ਤੇ ਪ੍ਰੋ (ਕਮੇਟੀ ਦੀ ਸਿਫਾਰਸ਼ ਦੇ ਹੱਕ ਵਿਚ) ਅਤੇ "ਕੋਨ" (ਕਮੇਟੀ ਦੀ ਸਿਫਾਰਸ਼ ਦੇ ਖਿਲਾਫ) ਦਾ ਨਿਸ਼ਾਨ ਹੁੰਦਾ ਹੈ।

ਤੁਸੀਂ ਆਪਣੀ ਮਦਦ ਲਈ ਸੰਖੇਪ ਨੋਟ ਵੀ ਵਰਤ ਸਕਦੇ ਹੋ, ਪਰ ਐੱਚ ਈ ਯੂ ਦੀਆਂ ਕਨਵੈਨਸ਼ਨਾਂ ਵਿਚ ਤੁਹਾਨੂੰ ਤਿਆਰ ਕੀਤੇ ਪੇਪਰਾਂ ਤੋਂ ਲੰਬਾ ਸਮਾਂ ਪੜ੍ਹਣ ਦੀ ਆਗਿਆ ਨਹੀਂ ਹੈ।

ਬੁਲਾਰਿਆਂ ਦੀ ਪਛਾਣ ਦਿਖਾਈ ਦੇਣ ਦੀ ਤਰਤੀਬ ਨਾਲ ਕੀਤੀ ਜਾਂਦੀ ਹੈ, ਹੱਕ ਵਿਚ ਅਤੇ ਵਿਰੋਧ ਵਿਚ ਮਾਈਕਾਂ ਵਿਚਕਾਰ ਅਦਲਾ-ਬਦਲੀ ਕਰਦੇ ਹੋਏ। ਚਮਕਵੀਂਆਂ ਲਾਈਟਾਂ ਅਤੇ ਖੜ੍ਹੇ ਡੈਲੀਗੇਟ, ਬੋਲਣ ਦੀ ਉਡੀਕ ਕਰ ਰਹੇ ਡੈਲੀਗੇਟਾਂ ਨੂੰ ਦੇਖਣਾ ਬਹੁਤ ਔਖਾ ਬਣਾ ਸਕਦੇ ਹਨ, ਇਸ ਕਰਕੇ ਮਾਈਕਰੋਫੋਨ 'ਤੇ ਆਉਣ ਦੀ ਅਗਲੀ ਵਾਰੀ ਤੁਹਾਡੀ ਹੈ ਤਾਂ ਪਲੇਟਫਾਰਮ ਉੱਪਰ ਖੜ੍ਹੇ ਹੋਵੋ। ਪਹਿਲੀ ਵਾਰੀ ਬੋਲਣ ਵਾਲਿਆਂ ਨੂੰ ਦੂਜੀ ਵਾਰੀ ਬੋਲਣ ਵਾਲਿਆਂ ਤੋਂ ਪਹਿਲਾਂ ਬੋਲਣ ਦੀ ਆਗਿਆ ਹੈ। ਡੈਲੀਗੇਟਾਂ ਨੂੰ ਬੋਲਣ ਲਈ ਤਿੰਨ (3) ਮਿੰਟ ਦਿੱਤੇ ਜਾਂਦੇ ਹਨ। ਮੰਚ (ਪੋਡੀਅਮ) ਉਪਰਲੀ ਇਕ ਸੰਤਰੀ ਰੰਗ ਦੀ ਲਾਈਟ ਇਕ ਮਿੰਟ ਦੀ ਵਾਰਨਿੰਗ ਦਿੰਦੀ ਹੈ। ਲਾਈਟ ਦੇ ਲਾਲ ਹੋ ਜਾਣ 'ਤੇ ਤੁਹਾਡੇ ਲਈ ਬੋਲਣਾ ਬੰਦ ਕਰਨਾ ਜ਼ਰੂਰੀ ਹੈ।

ਬਹਿਸ ਉਦੋਂ ਤੱਕ ਚੱਲਦੀ ਰਹਿੰਦੀ ਹੈ ਜਦ ਤੱਕ ਮਾਈਕ 'ਤੇ ਕੋਈ ਨਹੀਂ ਰਹਿ ਜਾਂਦਾ, ਜਾਂ "ਵੋਟ ਪਵਾਉ" ਦਾ ਮੋਸ਼ਨ ਨਹੀਂ ਦਿੱਤਾ ਜਾਂਦਾ (ਹੋਰ ਨਿਯਮ ਦੇਖੋ)

ਪ੍ਰਧਾਨਗੀ ਕਰ ਰਿਹਾ ਅਫਸਰ ਬਹਿਸ ਦੇ ਅੰਤ ਵੱਲ ਧਿਆਨ ਕਈ ਤਰੀਕਿਆਂ ਨਾਲ ਖਿੱਚੇਗਾ, ਜਿਵੇਂ "ਕੋਈ ਹੋਰ ਬੁਲਾਰਾ ਨਹੀਂ ਦਿਖਾਈ ਦਿੰਦਾ!" ਜਾਂ "ਕੀ ਤੁਸੀਂ ਸਵਾਲ ਲਈ ਤਿਆਰ ਹੋ?"

ਬੋਲਣ ਦਾ ਇਹ ਤੁਹਾਡਾ ਬਿਲਕੁਲ ਅੰਤਿਮ ਮੌਕਾ ਹੈ ਅਤੇ ਤੁਹਾਨੂੰ ਵੋਟ ਲਏ ਜਾਣ ਤੋਂ ਪਹਿਲਾਂ ਪ੍ਰਧਾਨਗੀ ਕਰਨ ਵਾਲੇ ਅਫਸਰ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਵੋਟ ਪਵਾਉਣ ਤੋਂ ਪਹਿਲਾਂ ਪ੍ਰਧਾਨਗੀ ਕਰ ਰਿਹਾ ਅਫਸਰ ਤੁਹਾਡੀ ਮਾਈਕ ਤੱਕ ਜਾਣ ਦੀ ਉਡੀਕ ਕਰੇਗਾ।

## ਸਵਾਲ?

ਹਰ ਮੋਸ਼ਨ ਨੂੰ ਸਵਾਲ ਦੇ ਤੌਰ 'ਤੇ ਵਰਣਨ ਕੀਤਾ ਜਾਂਦਾ ਹੈ। ਪ੍ਰਧਾਨਗੀ ਕਰ ਰਿਹਾ ਅਫਸਰ ਜਦੋਂ ਕਹਿੰਦਾ ਹੈ: "ਕੀ ਤੁਸੀਂ ਸਵਾਲ ਲਈ ਤਿਆਰ ਹੋ?" ਤਾਂ ਇਸ ਦਾ ਮਤਲਬ ਹੁੰਦਾ ਹੈ "ਕੀ ਤੁਸੀਂ ਫਲੋਰ 'ਤੇ ਮੋਸ਼ਨ (ਮਤੇ) ਉੱਪਰ ਵੋਟ ਪਾਉਣ ਲਈ ਤਿਆਰ ਹੋ?"

**ਮਹੱਤਵਪੂਰਨ**

ਇਹ ਯਾਦ ਰੱਖਣਾ ਹਮੇਸ਼ਾਂ ਮਹੱਤਵਪੂਰਨ ਹੈ ਕਿ ਤੁਸੀਂ ਕਮੇਟੀ ਦੀ ਮਨਜ਼ੂਰੀ (ਹਾਂ) ਜਾਂ ਨਾ-ਮਨਜ਼ੂਰੀ (ਨਾਂਹ) ਦੀ ਸਿਫਾਰਸ਼ ਉੱਪਰ ਵੋਟ ਕਰ ਰਹੇ ਹੋ ਅਤੇ ਮਤੇ ਉੱਪਰ ਨਹੀਂ।

ਉਦਾਹਰਣ ਲਈ:

| ਕਮੇਟੀ ਦੀ ਸਿਫਾਰਸ਼ | ਬਹੁਗਿਣਤੀ ਵੋਟ | ਨਤੀਜਾ |
|---|---|---|
| ਮਨਜ਼ੂਰੀ | ਹਾਂ | ਮੰਗ ਪ੍ਰਵਾਨ |
| ਮਨਜ਼ੂਰੀ | ਨਹੀਂ | ਮੰਗ ਨਾ ਪ੍ਰਵਾਨ |
| ਨਾ-ਮਨਜ਼ੂਰੀ | ਹਾਂ | ਮੰਗ ਨਾ ਪ੍ਰਵਾਨ |
| ਨਾ-ਮਨਜ਼ੂਰੀ | ਨਹੀਂ | ਮੰਗ ਪ੍ਰਵਾਨ |

**ਮਹੱਤਵਪੂਰਨ**

ਯਾਦ ਰੱਖੋ: ਮਤੇ ਦੇ ਅਪਨਾਏ ਜਾਣ ਲਈ ਸਧਾਰਣ ਬਹੁਗਿਣਤੀ ਦੀ ਲੋੜ ਹੈ। ਸੰਵਿਧਾਨਕ ਸੋਧ ਲਈ, ਸੰਵਿਧਾਨ ਅਤੇ ਬਾਈ-ਲਾਅ ਵਿਚ ਸੋਧ ਕਰਨ ਲਈ 2/3 ਵੋਟ ਦੀ ਲੋੜ ਹੈ।

## ਹੋਰ ਨਿਯਮ:

ਕਈ ਤਰ੍ਹਾਂ ਦੇ ਹੋਰ ਨਿਯਮ ਵੀ ਹਨ ਜਿਹੜੇ ਮਤੇ ਦੇ ਫਲੋਰ ਉੱਪਰ ਹੋਣ ਵੇਲੇ ਲਾਗੂ ਹੋ ਸਕਦੇ ਹਨ। ਜ਼ਿਆਦਾ ਆਮ ਇਹ ਹਨ:

### ਮੋਸ਼ਨ ਟੂ ਰੈਫਰ (ਗੈਰ-ਬਹਿਸਯੋਗ, ਸਧਾਰਣ ਬਹੁਗਿਣਤੀ)

ਇਹ ਮੋਸ਼ਨ ਫਲੋਰ ਉਪਰਲੇ ਕਿਸੇ ਮਾਮਲੇ ਨੂੰ ਕਮੇਟੀ ਕੋਲ ਆਮ ਤੌਰ 'ਤੇ ਹਿਦਾਇਤਾਂ ਸਮੇਤ ਵਾਪਸ ਭੇਜਦਾ ਹੈ।

ਹਿਦਾਇਤਾਂ ਬਹੁਤ ਸਧਾਰਣ ਹੋ ਸਕਦੀਆਂ ਹਨ ਜਿਵੇਂ ਕਿ ਕਮੇਟੀ ਨੂੰ ਕੋਈ ਸ਼ਬਦ ਪਾਉਣ ਜਾਂ ਕੱਢਣ ਲਈ ਕਹਿਣਾ ਜਾਂ ਹਿਦਾਇਤਾਂ ਵਿਸਥਾਰ ਵਿਚ ਹੋ ਸਕਦੀਆਂ ਹਨ ਜਿਵੇਂ ਕਿ "ਦੂਜੇ ਫਿਕਰੇ ਵਿਚਲੇ ਪਹਿਲੇ ਤਿੰਨ ਸ਼ਬਦਾਂ 'ਤੇ ਲੀਕ ਫੇਰੋ ਅਤੇ ਇਹ ਸ਼ਾਮਲ ਕਰੋ..." ਜਾਂ ਇੱਥੋਂ ਤੱਕ ਕਿ "ਮਤੇ ਨੂੰ ਬਦਲੋ ਅਤੇ ਇਹ ਕਹੋ...."

**ਮੋਸ਼ਨ ਆਫ ਰੈਫਰਲ ਬਾਰੇ ਕੋਈ ਬਹਿਸ ਨਹੀਂ ਹੁੰਦੀ, ਅਤੇ ਇਸ ਦੀ ਤਾਈਦ ਹੋ ਜਾਣ ਤੋਂ ਬਾਅਦ, ਇਸ 'ਤੇ ਵੋਟ ਪਵਾਈ ਜਾਣੀ ਜ਼ਰੂਰੀ ਹੈ।**

**ਜੇ ਤੁਸੀਂ ਮੋਸ਼ਨ 'ਤੇ ਬੋਲੇ ਹੋ ਤਾਂ ਤੁਸੀਂ ਰੈਫਰਲ ਨਹੀਂ ਕਰ ਸਕਦੇ।**

ਹੋਰ ਯੂਨੀਅਨਾਂ ਦੇ ਉਲਟ, ਐੱਚ ਈ ਯੂ ਇੱਕੋ ਮਾਮਲੇ ਬਾਰੇ ਇਕ ਨਾਲੋਂ ਜ਼ਿਆਦਾ ਰੈਫਰਲ ਮੋਸ਼ਨ ਦੀ ਆਗਿਆ ਦੇਵੇਗੀ। ਇਸ ਦੇ ਨਾਲ ਹੀ, ਐੱਚ ਈ ਯੂ, ਮੋਸ਼ਨ ਦੇ ਰੱਦ ਹੋ ਜਾਣ ਤੋਂ ਬਾਅਦ ਰੈਫਰਲ ਨੂੰ ਕਮੇਟੀ ਕੋਲ ਵਾਪਸ ਭੇਜੇ ਜਾਣ ਨੂੰ ਮਨਜ਼ੂਰ ਨਹੀਂ ਕਰਦੀ।

**ਮਹੱਤਵਪੂਰਨ**

ਕਿਸੇ ਮਤੇ ਨੂੰ ਕਮੇਟੀ ਕੋਲ ਆਪਣੀ ਸਿਫਾਰਸ਼ ਵਿਚ ਤਬਦੀਲੀ ਲਈ ਵਾਪਸ ਭੇਜਣਾ ਜ਼ਰੂਰੀ ਨਹੀਂ ਹੈ ਕਿਉਂਕਿ ਕਨਵੈਨਸ਼ਨ ਡੈਲੀਗੇਟ ਕਿਸੇ ਵੀ ਮਤੇ ਨੂੰ ਅਪਣਾਉਣ ਜਾਂ ਰੱਦ ਕਰਨ ਲਈ ਸਿੱਧੀ ਵੋਟ ਪਾ ਸਕਦੇ ਹਨ।

## ਪਹਿਲਾ ਸਵਾਲ ਮੂਵ ਕਰੋ (ਗੈਰ-ਬਹਿਸਯੋਗ, ਸਧਾਰਣ ਬਹੁਗਿਣਤੀ)

"ਪਹਿਲਾ ਸਵਾਲ ਮੂਵ ਕਰੋ" ਇਕ ਮੋਸ਼ਨ ਹੈ ਜਿਸ ਦਾ ਮਕਸਦ ਕਿਸੇ ਮੋਸ਼ਨ (ਸਵਾਲ) ਉੱਪਰ ਫੌਰਨ ਬਹਿਸ ਬੰਦ ਕਰਨਾ ਹੈ ਭਾਵੇਂ ਕਿ ਅਜੇ ਵੀ ਇਸ ਬਾਰੇ ਡੈਲੀਗੇਟ ਬੋਲਣਾ ਚਾਹੁੰਦੇ ਹੋਣ।

ਕਿਸੇ ਵੀ ਬਹਿਸ ਦੀ ਆਗਿਆ ਨਹੀਂ ਦਿੱਤੀ ਜਾਂਦੀ। ਯਾਦ ਰੱਖੋ, ਤੁਸੀਂ ਪਹਿਲਾ ਸਵਾਲ ਮੂਵ ਨਹੀਂ ਕਰ ਸਕਦੇ ਜੇ ਤੁਸੀਂ ਇਸ ਉੱਪਰ ਬੋਲ ਚੁੱਕੇ ਹੋ। (ਅਜਿਹਾ ਡੈਲੀਗੇਟਾਂ ਨੂੰ "ਆਖਰੀ ਸ਼ਬਦ" ਵਿਚ ਹਿੱਸਾ ਲੈਣ ਤੋਂ ਰੋਕਦਾ ਹੈ)।

ਅਜਿਹਾ ਇਹ ਕਹਿ ਕੇ ਕੀਤਾ ਜਾਂਦਾ ਹੈ, "ਮੈਂ ਪਹਿਲੇ ਸਵਾਲ ਨੂੰ ਮੂਵ ਕਰਦਾ ਹਾਂ" ਜਾਂ "ਮੈਂ ਪਾਏ ਜਾਣ ਵਾਲੇ ਸਵਾਲ ਨੂੰ ਮੂਵ ਕਰਦਾ ਹਾਂ"। ਇਸ ਦਾ ਅਰਥ ਹੈ ਕਿ ਇਹ ਫੈਸਲਾ ਕਰਨ ਲਈ ਫੌਰਨ ਵੋਟ ਪਾਈ ਜਾਵੇਗੀ ਕਿ ਕੀ ਬਹਿਸ ਬੰਦ ਕਰਨੀ ਹੈ ਜਾਂ ਨਹੀਂ।

ਜੇ ਪਹਿਲੇ ਸਵਾਲ ਨੂੰ ਮੂਵ ਕਰਨ ਦਾ ਮੋਸ਼ਨ, ਮੁੱਖ ਮੋਸ਼ਨ ਅਤੇ **ਕਿਸੇ ਸੋਧ** ਨੂੰ ਪ੍ਰਵਾਨ ਕਰਵਾ ਰਿਹਾ ਹੈ ਤਾਂ ਇਸ ਉੱਪਰ ਬਿਨਾਂ ਕਿਸੇ ਹੋਰ ਬਹਿਸ ਦੇ ਵੋਟ ਪਾਈ ਜਾਣੀ ਜ਼ਰੂਰੀ ਹੈ।

ਜੇ ਪਹਿਲੇ ਸਵਾਲ ਨੂੰ ਮੂਵ ਕਰਨ ਦਾ ਮੋਸ਼ਨ ਰੱਦ ਹੋ ਜਾਂਦਾ ਹੈ ਤਾਂ ਮੋਸ਼ਨ ਉੱਪਰ ਬਹਿਸ ਜਾਰੀ ਰਹਿੰਦੀ ਹੈ।

## ਮੁੜ ਕੇ ਵਿਚਾਰ (ਨੋਟਿਸ, ਬਹਿਸਯੋਗ, 2/3 ਬਹੁਗਿਣਤੀ)

ਕੋਈ ਵੀ ਮੋਸ਼ਨ ਭਾਵੇਂ ਪ੍ਰਵਾਨ ਜਾਂ ਰੱਦ ਹੋ ਗਿਆ ਹੋਵੇ, ਅਗਲੀ ਬੈਠਕ ਵਿਚ ਮੁੜ ਕੇ ਵਿਚਾਰਿਆ ਜਾ ਸਕਦਾ ਹੈ। ਪਰ ਕੁਝ ਸਖਤ ਨਿਯਮ ਲਾਗੂ ਹੁੰਦੇ ਹਨ:

1. ਮੁੜ ਕੇ ਵਿਚਾਰ ਕਰਨ ਦਾ ਮੋਸ਼ਨ ਲਿਆਉਣ ਵਾਲੇ ਅਤੇ ਮੋਸ਼ਨ ਦੀ ਤਾਈਦ ਕਰਨ ਵਾਲੇ ਦੋਨਾਂ ਨੇ, ਮੁਢਲੇ ਮੋਸ਼ਨ ਉੱਪਰ ਪਹਿਲੀ ਵਾਰੀ ਵੋਟ ਪੈਣ ਵੇਲੇ **ਭਾਰੂ** ਧਿਰ ਨਾਲ ਵੋਟ ਪਾਈ ਹੋਣੀ ਜ਼ਰੂਰੀ ਹੈ।
2. ਅਗਲੀ ਬੈਠਕ ਵਿਚ ਮੁੜ ਕੇ ਵਿਚਾਰ ਕਰਨ ਦਾ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ, ਜਿਵੇਂ ਕਿ ਬਰੇਕ ਜਾਂ ਸਥਗਨ ਤੋਂ ਬਾਅਦ।
3. ਮੁੜ ਕੇ ਵਿਚਾਰ ਕਰਨ ਲਈ 2/3 ਬਹੁਗਿਣਤੀ ਵੋਟ ਦੀ ਲੋੜ ਹੈ, ਅਤੇ ਜੇ ਇਹ ਵੋਟ ਨਹੀਂ ਮਿਲਦੀ ਤਾਂ ਵੋਟ ਜਾਂਦੀ ਰਹਿੰਦੀ ਹੈ ਅਤੇ ਇਸ ਨੂੰ ਦੁਬਾਰਾ ਨੂੰ ਉਠਾਇਆ ਜਾ ਸਕਦਾ।

ਜੇ ਮੁੜ ਕੇ ਵਿਚਾਰ ਕਰਨ ਦਾ ਮੋਸ਼ਨ ਪ੍ਰਵਾਨ ਹੋ ਜਾਂਦਾ ਹੈ ਤਾਂ ਮੁਢਲਾ ਮੋਸ਼ਨ ਬਹਿਸ ਅਤੇ ਫੈਸਲੇ ਲਈ ਖੁੱਲ੍ਹ ਜਾਂਦਾ ਹੈ।

## ਟੇਬਲਿੰਗ ਮੋਸ਼ਨ (ਗੈਰ-ਬਹਿਸਯੋਗ, ਸਧਾਰਣ ਬਹੁਗਿਣਤੀ)

ਜੇ ਮੋਸ਼ਨ ਟੂ ਟੇਬਲ ਕੀਤਾ ਜਾਂਦਾ ਹੈ ਤਾਂ ਇਸ 'ਤੇ ਬਿਨਾਂ ਹੋਰ ਬਹਿਸ ਦੇ ਵੋਟ ਪਾਈ ਜਾਣੀ ਜ਼ਰੂਰੀ ਹੈ। ਇਹ ਆਮ ਤੌਰ 'ਤੇ ਮੋਸ਼ਨ ਬਾਰੇ ਹੋਰ ਜਾਣਕਾਰੀ ਮਿਲਣ ਤੱਕ ਬਹਿਸ ਨੂੰ ਅਗਾਂਹ ਪਾਉਣ ਲਈ ਵਰਤਿਆ ਜਾਂਦਾ ਹੈ।

## ਜਾਣਕਾਰੀ ਮੰਗਣਾ

ਆਪਣਾ ਸਵਾਲ ਪੁੱਛਣ ਲਈ ਤੁਹਾਡਾ ਮਾਈਕਰੋਫੋਨ ਕੋਲ ਜਾਣਾ ਅਤੇ ਆਪਣੀ ਪਛਾਣ ਕਰਵਾਉਣਾ (ਬੋਲਣ ਦੀ ਤਰਤੀਬ ਤੋਂ ਬਾਹਰ) ਜ਼ਰੂਰੀ ਹੈ।

ਤੁਹਾਡੇ ਲਈ ਇਹ ਹੱਕ ਜਾਣਕਾਰੀ **ਮੰਗਣ** ਲਈ ਵਰਤਿਆ ਜਾਣਾ ਜ਼ਰੂਰੀ ਹੈ ਨਾ ਕਿ ਬਹਿਸ ਵਿਚ ਸ਼ਾਮਲ ਹੋਣ ਲਈ।

**ਮਹੱਤਵਪੂਰਨ**

ਜਾਣਕਾਰੀ ਮੰਗਣਾ (ਪੋਆਇੰਟ ਆਫ ਇਨਫਰਮੇਸ਼ਨ) ਮੋਸ਼ਨ ਨਹੀਂ ਹੈ। ਇਹ ਬਹਿਸ ਅਧੀਨ ਵਿਸ਼ੇ ਬਾਰੇ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ ਲਈ ਵਰਤਿਆ ਜਾਂਦਾ ਹੈ। ਇਹ ਬੁਲਾਰੇ ਵਲੋਂ ਜਾਣਕਾਰੀ ਦੇਣ ਦੇ ਮਕਸਦ ਲਈ ਨਹੀਂ ਹੈ।

# ਸਿੱਟਾ

**ਕਈ ਹੋਰ ਨਿਯਮ ਅਤੇ ਤਰੀਕੇ ਵੀ ਹਨ ਜਿਹੜੇ ਕਨਵੈਨਸ਼ਨ ਨੂੰ ਚਲਾਉਂਦੇ ਹਨ।** ਤੁਹਾਨੂੰ *ਕੰਸਟੀਚਿਊਸ਼ਨ ਅਤੇ ਬਾਈ-ਲਾਅਜ਼* (2006) ਪੜ੍ਹਨਾ ਚਾਹੀਦਾ ਹੈ, ਖਾਸ ਕਰਕੇ ਕਿਤਾਬਚੇ ਦੇ ਪੰਨਿਆਂ 64-67 ’ਤੇ ਆਰਟੀਕਲ ਯਯ, ਸੈਕਸ਼ਨ ਜੇ, ਰੂਲਜ਼ ਆਫ ਆਰਡਰ।

ਪਰ, ਕਨਵੈਨਸ਼ਨ ਸਿਰਫ ਨਿਯਮਾਂ, ਤਰੀਕਿਆਂ ਜਾਂ ਬਾਈ-ਲਾਅਜ਼ ਬਾਰੇ ਹੀ ਨਹੀਂ ਹੈ। ਇਹ ਇਕ ਅਜਿਹਾ ਮੰਚ ਹੈ ਜਿੱਥੇ ਅਸੀਂ ਸਾਰੇ ਰਲ ਕੇ ਇਹ ਪੱਕਾ ਕਰਨ ਲਈ ਕੰਮ ਕਰਦੇ ਹਾਂ ਕਿ ਐੱਚ ਈ ਯੂ ਇਕ ਅਜਿਹੀ ਯੂਨੀਅਨ ਬਣੀ ਰਹੇ ਜਿਸ ਦੇ ਨੁਮਾਇੰਦੇ ਹੋਣ ’ਤੇ ਸਾਨੂੰ ਸਾਰਿਆਂ ਨੂੰ ਮਾਣ ਹੈ।

ਅਸੀਂ ਪਾਲਸੀਆਂ ਅਤੇ ਤਰੀਕੇ ਮਿੱਥ ਸਕਦੇ ਹਾਂ ਤਾਂ ਜੋ ਅਸੀਂ ਕਨਵੈਨਸ਼ਨ ਵਿਚ ਦੁਬਾਰਾ ਮਿਲਣ ਵੇਲੇ ਪਿਛਾਂਹ ਵੱਲ ਮਾਣ ਅਤੇ ਸੰਤੁਸ਼ਟੀ ਨਾਲ ਝਾਤ ਮਾਰ ਸਕੀਏ।

**ਮਹੱਤਵਪੂਰਨ**

ਇਕ ਨਵੇਂ ਡੈਲੀਗੇਟ ਵਜੋਂ, ਤੁਹਾਨੂੰ ਆਪਣੇ ਆਲੇ ਦੁਆਲੇ ਦੇ ਤਜਰਬੇ ਅਤੇ ਗਿਆਨ ਤੋਂ ਡਰਨ ਦੀ ਲੋੜ ਨਹੀਂ ਹੈ। ਯਾਦ ਰੱਖੋ, ਹਰ ਤਜਰਬੇਕਾਰ ਡੈਲੀਗੇਟ, ਨਵੇਂ ਡੈਲੀਗੇਟ ਹੋਣ ਦਾ ਸਮਾਂ ਯਾਦ ਰੱਖਦਾ ਹੈ। ਓਹ ਮਦਦ ਕਰਕੇ, ਸਲਾਹ ਦੇ ਕੇ ਅਤੇ ਹਿੱਸਾ ਲੈਣ ਲਈ ਤੁਹਾਨੂੰ ਉਤਸ਼ਾਹ ਦੇ ਕੇ ਖੁਸ਼ ਹੋਣਗੇ।

# ਐੱਚ ਈ ਯੂ ਸੰਸਥਾ ਦਾ ਚਾਰਟ

## ਰਾਜਨੀਤਕ ਢਾਂਚਾ

### ਮੈਂਬਰਸ਼ਿਪ

ਤਨਖਾਹ ਪਾਲਸੀ ਕਾਨਫਰੰਸ ਡੈਲੀਗੇਟ

ਸੂਬਾਈ ਬਾਰਗੇਨਿੰਗ ਕਮੇਟੀ

ਦੋ-ਸਾਲਾ ਕਨਵੈਨਸ਼ਨ ਲਈ ਡੈਲੀਗੇਟ

ਚੀਫ ਸ਼ੌਪ ਸਟੂਆਰਡ

ਸਟੂਆਰਡ'ਜ਼ ਕਮੇਟੀ

ਲੋਕਲ ਐਗਜ਼ੈਕਟਿਵ
- ਪ੍ਰਧਾਨ
- ਵਾਈਸ-ਪ੍ਰਧਾਨ
- ਸੈਕਰੇਟਰੀ-ਖਜ਼ਾਨਚੀ
- ਸਹਾਇਕ ਸੈਕਰੇਟਰੀ-ਖਜ਼ਾਨਚੀ
- ਸੀਨੀਅਰ ਟਰੱਸਟੀ
- ਸੀਨੀਅਰ ਟਰੱਸਟੀ ਚੁਣਿਆ
- ਟਰੱਸਟੀ
- ਕੰਡਕਟਰ
- ਵਾਰਡਨ
- ਹੋਰ ਅਫਸਰ

ਲੋਕਲ ਕਮੇਟੀਆਂ

ਲੋਕਲ ਲੇਬਰ ਕੌਂਸਲ

ਲੋਕਲ ਕਿਊਪੀ ਜਿਲ੍ਹਾ ਕੌਂਸਲ

### ਸੂਬਾਈ ਐਗਜ਼ੈਕਟਿਵ (21 ਮੈਂਬਰ)

- ਪ੍ਰੈਜ਼ੀਡੈਂਟ
- ਸੈਕਰੇਟਰੀ-ਬਿਜ਼ਨਸ ਮੈਨੇਜਰ
- ਵਿੱਤ ਸੈਕਰੇਟਰੀ
- ਤਿੰਨ ਵਾਈਸ-ਪ੍ਰੈਜ਼ੀਡੈਂਟ
- ਸੀਨੀਅਰ ਟਰੱਸਟੀ
- ਸੀਨੀਅਰ ਟਰੱਸਟੀ ਚੁਣਿਆ
- ਟਰੱਸਟੀ
- ਇਲਾਕਾਈ ਵਾਈਸ-ਪ੍ਰੈਜ਼ੀਡੈਂਟ:
  ਵੈਨਕੂਵਰ ਕੋਸਟਲ (3 ਨੁਮਾਇੰਦੇ)
  ਫਰੇਜ਼ਰ ਵੈਲੀ (2 ਨੁਮਾਇੰਦੇ)
  ਵੈਨਕੂਵਰ ਆਈਲੈਂਡ (2 ਨੁਮਾਇੰਦੇ)
  ਇਨਟੀਰੀਅਰ (3 ਨੁਮਾਇੰਦੇ)
  ਨੌਰਦਰਨ (2 ਨੁਮਾਇੰਦੇ)

#### ਯੂਨੀਅਨ ਦਾ ਕਾਰੋਬਾਰ ਚਲਾਉਣ ਲਈ ਸੂਬਾਈ ਐਗਜ਼ੈਕਟਿਵ ਖਾਸ ਜਾਂ ਸੱਬ-ਕਮੇਟੀਆਂ ਚੁਣਦੀ ਹੈ

- ਪ੍ਰਾਈਵੇਟੀਕਰਨ ਵਿਰੋਧੀ
- ਕਲੈਰੀਕਲ
- ਬਰਾਬਰ ਮੌਕੇ
- ਗਲੋਬਲ ਇਨਸਾਫ ਅਤੇ ਸ਼ਾਂਤੀ
- ਮਰਦਾਂ ਦੀ ਕਮੇਟੀ
- ਨਰਸਿੰਗ ਟੀਮ
- ਓ ਐੱਚ ਐਂਡ ਐੱਸ
- ਪੈਨਸ਼ਨਾਂ
- ਰਾਜਨੀਤਕ ਸਰਗਰਮੀ
- ਪ੍ਰੋਫੈਸ਼ਨਲ ਐਸੋਸੀਏਸ਼ਨ ਅਤੇ ਟੈਕਨੀਕਲ
- ਸਪੋਰਟ ਵਰਕਰਜ਼
- ਟਰੇਡ ਅਤੇ ਮੈਨਟੇਨੈਂਸ
- ਔਰਤਾਂ ਦੀ ਕਮੇਟੀ
- ਜਵਾਨ ਵਰਕਰ

#### ਕਿਊਪੀ ਨੈਸ਼ਨਲ

- ਪ੍ਰਬੰਧਕੀ ਬੋਰਡ
- ਨੈਸ਼ਨਲ ਕਮੇਟੀਆਂ/ਕੰਮ ਕਰਦੇ ਗਰੁੱਪ
  - ਅਬਰਿਜਨਲ ਕੌਂਸਲ
  - ਚਾਇਲਡ ਕੇਅਰ
  - ਕੰਮ ਠੇਕੇ 'ਤੇ ਦੇਣਾ
  - ਵਾਤਾਵਰਣ
  - ਗਲੋਬਲ ਇਨਸਾਫ
  - ਹੈਲਥ ਕੇਅਰ ਦੇ ਮਸਲੇ
  - ਅੱਖਰ ਗਿਆਨ
  - ਓ ਐੱਚ ਐਂਡ ਐੱਸ
  - ਪੈਨਸ਼ਨਾਂ
  - ਅਪਾਹਜਤਾਵਾਂ ਵਾਲੇ ਲੋਕ
  - ਪਿੰਕ ਟ੍ਰਾਈਐਂਗਲ
  - ਰਾਜਨੀਤਕ ਸਰਗਰਮੀ
  - ਰੇਨਬੋਅ
  - ਔਰਤਾਂ ਅਤੇ ਪ੍ਰਾਈਵੇਟੀਕਰਨ
  - ਜਵਾਨ ਵਰਕਰ

#### ਹੋਰ ਮਜ਼ਦੂਰ ਸੰਸਥਾਂਵਾਂ ਵਿਚ ਨੁਮਾਇੰਦਗੀ

- ਬੀ.ਸੀ. ਫਡਰੇਸ਼ਨ ਆਫ ਲੇਬਰ
  - ਅਫਸਰ
  - ਪ੍ਰਬੰਧਕੀ ਕੌਂਸਲ
- ਬੀ.ਸੀ. ਫੈੱਡ ਕਮੇਟੀਆਂ
  - ਕਮਿਊਨਟੀ ਅਤੇ ਸਮਾਜਿਕ ਸਰਗਰਮੀ
  - ਵਿਦਿਆ
  - ਓ ਐੱਚ ਐਂਡ ਐੱਸ
  - ਰਾਜਨੀਤਕ ਸਰਗਰਮੀ
  - ਔਰਤਾਂ ਦੇ ਹੱਕ
- ਸੀ ਐੱਲ ਸੀ ਕੰਮ ਕਰਦੇ ਗਰੁੱਪ
  - ਅਪਾਹਜਤਾਵਾਂ ਵਾਲੇ ਲੋਕ
  - ਲੈਜ਼ਬੀਅਨ ਅਤੇ ਗੇਅ

#### ਹੋਰ ਸੰਸਥਾਂਵਾਂ ਵਿਚ ਨੁਮਾਇੰਦਗੀ

- ਪੈਸੇਫਿਕ ਬਲੂ ਕਰੌਸ
- ਬੀ.ਸੀ. ਹੈਲਥ ਕੋਲੀਸ਼ਨ
- ਕੈਨੇਡੀਅਨ ਹੈਲਥ ਕੋਲੀਸ਼ਨ
- ਚਾਇਲਡ ਕੇਅਰ ਕੋਲੀਸ਼ਨ
- ਪੈਨਸ਼ਨਾਂ (ਐੱਮ ਈ ਪੀ ਸੀ)

ਨਵਿਆਇਆ 12 ਅਗਸਤ, 2008

# HEU Administrative Structure *(in transition)*




**Note:** The organizational chart (Administrative Structure) is currently being revised as a result of the PE implementing recommendations from the Penikett Management Review (2008)

UPDATED OCT. 6, 2008